# Bed Time Stories—4

## GURU TEGH BAHADUR JI ਗੁਰੂ ਤੇਗ ਬਹਾਦਰ ਜੀ




SANTOKH SINGH JAGDEV

WWW.SIKHBOOKCLUB.COM

# BED TIME STORIES-4

## (GURU TEGH BAHADUR JI)

## (ਗੁਰੂ ਤੇਗ਼ ਬਹਾਦਰ ਜੀ)

*Other books by the same author on religious philosophy and history :*

| | | | | |
|---|---|---|---|---|
| 1. | **Hindu Sikh Sikhia** | **(Panjabi)** | | **ISBN 1 872580 00 9** |
| 2. | **Hindu Sikh Sikhia** | **(Hindi)** | | **ISBN 1 872580 01 7** |
| 3. | **Sach Sunai Si Sach Ki Bela** | **(Panjabi)** | | **ISBN 1 872580 05 X** |
| 4. | **Tales of Truth** | **(English)** | **(Sikh Martyrs)** | **ISBN 1 872580 06 8** |
| 5. | **Bed Time Stories-1** | **(Panjabi-English)** | **(Guru Gobind Singh Ji)** | **ISBN 1 872580 20 3** |
| 6. | **Bed Time Stories-2** | **(Panjabi-English)** | **(Guru Nanak Dev Ji)** | **ISBN 1 872580 20 1** |
| 7. | **Bed Time Stories-3** | **(Panjabi-English)** | **(Guru Arjan Dev Ji)** | **ISBN 1 872580 22 X** |
| 8. | **Bed Time Stories-4** | **(Panjabi-English)** | **(Guru Tegh Bahadur Ji)** | **ISBN 1 872580 23 8** |
| 9. | **Bed Time Stories-5** | **(Panjabi-English)** | **(Guru Angad Dev Ji, Guru Amar Dass Ji and Guru Ram Dass Ji)** | **ISBN 1 872580 24 6** |
| 10. | **Bed Time Stories-6** | **(Panjabi-English)** | **(Guru Hargobind Ji, Guru Har Rai Ji and Guru Har Krishan Ji)** | **ISBN 1 872580 25 4** |
| 11. | **Bed Time Stories-7** | **(Panjabi-English)** | **(Sikh Martyrs)** | **ISBN 1 872580 26 2** |
| 12. | **Bed Time Stories-8** | **(Panjabi-English)** | **(Khalsa Raj)** | **ISBN 1 872580 27 0** |
| 13. | **Bed Time Stories-9** | **(Panjabi-English)** | **(Sikh Warriors)** | **ISBN 1 872580 28 9** |
| 14. | **Bed Time Stories-10** | **(Panjabi-English)** | **(Honoured Saints)** | **ISBN 1 872580 29 7** |

"Bed Time Stories written by Santokh Singh Jagdev in two languages have been quite successful in conveying the message of Guru Nanak to the Western world which includes our children also."

*—The Council of Sikh Gurdwaras in Birmingham, England.*

"Mr Jagdev has righteously succeeded in his mission to propagate the teachings of Guru Nanak and the Sikh Philosophy through interesting and numerous anecdotes narrated in his books....."

*—Dr. Joginder Singh J.P., Birmingham, England.*

"We highly recommend these books to those who want to learn or teach Sikhism and Sikh Philosophy."

*—Gurdwara Guru Ramdas, Singh Sabha, Birmingham, England.*

# BED TIME STORIES - 4

## (GURU TEGH BAHADUR JI)

## (ਗੁਰੂ ਤੇਗ਼ ਬਹਾਦਰ ਜੀ)

**Santokh Singh Jagdev**

**Sikh Missionary Resource Centre**
**Birmingham (England)**

All rights reserved
Copyright S.S. Jagdev

Bed Time Stories - 4

ISBN 1 872580 23 8

First Edition 1994
Second Edition 1996
Third Edition 1998
Fourth Edition 2000
*Reprint* : 2011

**Price : Rs. 80-00**

*Published by :*
SIKH MISSIONARY RESOURCE CENTRE
346, Green Lane Rd.,
Small Heath, Birmingham
B95DR, England.
Ph.: 021-772-5365

*Distributors :*
SINGH BROTHERS
Bazar Mai Sewan, Amritsar.
E-mail : singhbro@vsnl.com

*Printers :*
PRINTWELL, 146, Industrial Focal Point, Amritsar.

# INDEX


| | | |
|---|---|---|
| 1. | ਬਚਪਨ ਦੀ ਬਹਾਦਰੀ | 11 |
| | Bravery in Childhood | 13 |
| 2. | ਗੁਰੂ ਲਾਧੋ ਰੇ | 15 |
| | Found the Guru | 16 |
| 3. | ਧੀਰ ਮੱਲ ਦਾ ਹਮਲਾ | 17 |
| | Attack by Dhir Mall | 19 |
| 4. | ਅੰਮ੍ਰਿਤਸਰ ਦੀ ਫੇਰੀ | 21 |
| | Visit to Amritsar | 22 |
| 5. | ਅਨੰਦਪੁਰ ਵਸਾਉਣਾ | 23 |
| | Colonisation of Anandpur | 25 |
| 6. | ਸੱਯਦ ਮੂਸਾ ਨੂੰ ਭੁਲੇਖਾ | 27 |
| | Misunderstanding of Sayad Moosa | 28 |
| 7. | ਅਭਿਮਾਨ ਦੇ ਰੋਗੀ | 29 |
| | Victims of Pride | 31 |
| 8. | ਤਮਾਕੂ ਤੋਂ ਰੋਕਣਾ | 33 |
| | Prohibition from Smoking | 34 |
| 9. | ਥਨੇਸਰ ਦੀ ਸਾਖੀ | 35 |
| | Happening at Thanesar | 37 |
| 10. | ਔਰੰਗਜ਼ੇਬ ਨਾਲ ਮੁਲਾਕਾਤ | 39 |
| | Meeting with Aurangzeb | 40 |
| 11. | ਗ੍ਰਿਹਸਤ ਵਿਚ ਵਡਿਆਈ | 41 |
| | Greatness in the Householder | 43 |
| 12. | ਮਲੂਕ ਦਾਸ ਦਾ ਭਰਮ | 45 |
| | Illusion of Malook Dass | 46 |




WWW.SIKHBOOKCLUB.COM 

| | | |
|---|---|---|
| 13. | ਗੁਰੂ ਜੀ ਬਨਾਰਸ ਵਿਚ | 47 |
| | The Guru in Banaras | 49 |
| 14. | ਭਾਈ ਫੱਗੂ ਦੀ ਨਿਮਰਤਾ | 51 |
| | Courtesy of Bhai Phaggu | 52 |
| 15. | ਗਯਾ ਦੇ ਮਤਲਬੀ ਬ੍ਰਾਹਮਣ | 53 |
| | Selfish Brahmins at Gaya | 55 |
| 16. | ਪਟਨੇ ਦਾ ਭਾਈ ਜਗਤਾ | 57 |
| | Bhai Jagta of Patna | 58 |
| 17. | ਕਸ਼ੱਤਰੀ ਦਾ ਧਰਮ | 59 |
| | Religious duty of Kshatri | 61 |
| 18. | ਸ਼ਾਂਤੀ ਦਾ ਰਾਹ | 63 |
| | The way to peace | 64 |
| 19. | ਕਸ਼ਮੀਰੀ ਪੰਡਤਾਂ ਦੀ ਫ਼ਰਿਆਦ | 65 |
| | Request of Kashmir's Pandits | 67 |
| 20. | ਸਿੱਖਾਂ ਨੂੰ ਤਸੀਹੇ | 69 |
| | Torturing of Sikhs | 70 |
| 21. | ਗੁਰੂ ਜੀ ਦੀ ਸ਼ਹਾਦਤ | 71 |
| | The Guru's Martyrdom | 73 |

# ਜੀ ਆਇਆਂ ਪੁਸਤਕ ਲੜੀ-4

ਸਿਰਜਣਾ ਲਈ ਸਾਧਨਾ ਦਰਕਾਰ ਹੈ। ਸ. ਸੰਤੋਖ ਸਿੰਘ ਜਗਦੇਵ ਵਿਚ ਸਾਧਨਾ ਅਤੇ ਸਿਰਜਣਾ ਦੇ ਵਿਆਪਕ ਤੱਤ ਮੌਜੂਦ ਹਨ। ਅੱਧੀ ਦਰਜਨ ਪੁਸਤਕਾਂ ਦੇ ਕਰਤਾ ਵਿਚ ਸਿਰਜਣਾ ਅਤੇ ਸਾਧਨਾ ਤੋਂ ਵੀ ਵਡੇਰਾ ਗੁਣ ਹੈ ਸਹਿਨ-ਸ਼ੀਲਤਾ ਦਾ। ਇਸੇ ਗੁਣ ਰਾਹੀਂ, ਹਰ ਇਕ ਨੂੰ ਆਪਣੀ ਵਲ ਖਿੱਚ ਲਿਆ ਹੈ ਇਸ ਸੰਤੋਖੀ ਜੀਵੜੇ ਨੇ। ਇਸ ਜੁਗ ਵਿਚ ਬੇਕਾਰੀ ਏਨੀ ਵਧ ਗਈ ਹੈ ਕਿ ਵਿਹਲੜ ਲਾਣੇ ਲਈ ਲਾਇਬ੍ਰੇਰੀਆਂ ਨੇ ਹਰ ਪ੍ਰਕਾਰ ਦੀਆਂ ਸਹੂਲਤਾਂ ਮੁਹੱਈਆ ਕੀਤੀਆਂ ਹਨ। ਐਪਰ 'ਮਨ ਹਰਾਮੀ ਹੁੱਜਤਾਂ ਢੇਰ' ਦੇ ਅਖਾਣ ਅਨੁਸਾਰ ਵਿਹਲੜ ਤਬਕਾ ਇਲਮ ਦੇ ਲਾਗੇ ਨਹੀਂ ਲਗਦਾ। ਕੋਈ ਕਹਿੰਦਾ ਮੈਨੂੰ ਅੰਗ੍ਰੇਜ਼ੀ ਨਹੀਂ ਆਉਂਦੀ, ਕੋਈ ਪੰਜਾਬੀ ਨਾ ਪੜ੍ਹ ਸਕਣ ਦਾ ਬਹਾਨਾ ਵਰਤਦਾ ਹੈ। ਸੋਸ਼ਲ ਵਰਕਰ ਆਖਦੇ ਹਨ—ਪੰਜਾਬੀ/ਅੰਗ੍ਰੇਜ਼ੀ ਮੁਫ਼ਤ ਪੜ੍ਹਾ ਦਿੰਦੇ ਹਾਂ। ਜੇ ਨਹੀਂ ਪੜ੍ਹਨੀ ਤਾਂ 'ਬੋਲਦੀਆਂ ਪੁਸਤਕਾਂ' ਵੀਡੀਓ ਤੇ ਆ ਗਈਆਂ ਹਨ, ਉਹ ਹੀ ਦੇਖੋ ਸੁਣੋ। ਬਿਲਕੁਲ ਇਹੋ ਗੱਲ ਜਗਦੇਵ ਜੀ ਦੀਆਂ ਕਿਰਤਾਂ ਉੱਤੇ ਢੁੱਕਦੀ ਰਹੀ ਸੀ। ਉਨ੍ਹਾਂ ਹੁਣ ਦੋ-ਭਾਸ਼ੀ ਪੁਸਤਕ ਲੜੀ ਸ਼ੁਰੂ ਕੀਤੀ ਹੈ। ਇਹ ਕਿਰਤਾਂ ਬੱਚਿਆਂ ਨੂੰ ਬਹੁਤ ਚੰਗੀਆਂ ਲੱਗੀਆਂ ਹਨ। ਇਹ ਸਾਡੇ ਵਧ ਫੁਲ ਰਹੇ ਬਾਲ ਜਗਤ ਦੀ ਫੁਲਵਾੜੀ ਨੂੰ ਜੀਵਨ-ਜਲ ਦਾ ਕੰਮ ਦੇ ਰਹੀਆਂ ਹਨ। ਇਨ੍ਹਾਂ ਪੁਸਤਕਾਂ ਦੇ ਕ੍ਰਿਸ਼ਮੇ, ਇਕ ਨਾਲੋਂ ਵੱਧ ਵਾਰੀ ਦੇਖਣ ਵਿਚ ਆਏ ਹਨ। ਲੇਖਕ ਜੀ ਧੰਨਤਾ ਦੇ ਪਾਤਰ ਹਨ—ਸਿੱਖ ਜਗਤ ਆਪ ਦਾ ਦੇਣਦਾਰ ਹੈ। ਇੱਕੀ ਕਥਾਵਾਂ ਜੋ ਇਸ ਸੈਂਚੀ ਵਿਚ ਦਰਜ ਹਨ, ਪਰੰਪਰਾਗਤ ਵਿਧੀ ਤਹਿਤ ਰਚੀਆਂ ਗਈਆਂ ਹਨ। ਪਹਿਲੇ ਪੜਾਅ ਤੇ ਸਾਖੀਕਾਰ ਵਾਲੀ ਜੁਗਤ ਵਰਤ ਕੇ, ਸਾਹਿਤ ਦੇ ਇਸ ਖੇਤਰ ਵਿਚ ਇਕ ਨਵੀਂ ਪਿਰਤ ਪਾਉਣੀ ਪੈਂਦੀ ਹੈ। ਅਗਲੇ ਪੜਾਅ ਇਸ ਪਿਰਤ ਨੂੰ ਖੋਜ ਆਸਰਿਤ ਕਰ ਕੇ ਨਵੇਂ ਜ਼ਾਵੀਏ ਸਥਾਪਤ ਕਰਨੇ ਪੈਂਦੇ ਹਨ। ਗੁਰੂ ਸਾਹਿਬਾਨ ਦੇ ਜੀਵਨ ਉਤੇ ਬੜੀ ਭਰਪੂਰ ਰੌਸ਼ਨੀ ਪਾਈ ਹੈ—ਨਵੀਂ ਖੋਜ ਨੇ।

ਮੇਰੀ ਪਾਠਕਾਂ ਅੱਗੇ ਸਨਿਮਰ ਬੇਨਤੀ ਹੈ ਕਿ ਪੁਸਤਕ ਬਾਰੇ ਆਪਣੇ ਵਿਚਾਰ ਜ਼ਰੂਰ ਲਿਖ ਭੇਜਿਆ ਕਰਨ। ਇਸ ਅਮਲ ਰਾਹੀਂ ਲੇਖਕ ਨੂੰ ਦਿਸ਼ਾ ਨਿਰਦੇਸ਼ਨ ਮਿਲਦਾ ਰਹਿੰਦਾ ਹੈ ਅਤੇ ਅਸਲ ਮੁੱਦਿਆਂ ਉੱਤੇ ਸਿਹਤਮੰਦ ਬਹਿਸ ਵੀ ਹੁੰਦੀ ਰਹਿੰਦੀ ਹੈ। ਇਸ ਅਤਿਅੰਤ ਸੰਖੇਪ ਭੂਮਿਕਾ ਪਿਛੋਂ ਮੈਂ ਸਾਖੀ ਲੜੀ ਚਾਰ ਨੂੰ ਹਾਰਦਿਕ ਜੀ ਆਇਆਂ ਆਖਦਾ ਹਾਂ। ਗੁਰੂ ਪਾਤਸ਼ਾਹ ਆਪ ਦੀ ਕਲਮ ਨੂੰ ਹੋਰ ਸ਼ਕਤੀ ਪ੍ਰਦਾਨ ਕਰੇ—ਇਹੋ ਮੇਰੀ ਜੋਦੜੀ ਹੈ।

ਸ਼ੁਭ-ਚਿੰਤਕ

**—ਚ. ਸ. ਚੰਨ**

(Dr. C.S. Chan)

Language Deptt.,
Handsworth College,
Soho Rd., Birmingham,
England.

# Acknowledgement

Those who are convinced that soul does not die but only leaves the old body and establishes into a new one, have no attachment to the worldly material, body and mind. In their mind, it never arises to collect and store the worldly material and wealth. They think the body to be a wagon to carry the soul in this world from one place to another. They never abandon their faith and belief to save the wagon because they never forget that this body is bound to be destroyed and one day it will become dust.

Bed Time Stories-4 contains twenty-one anecdotes about Guru Tegh Bahadur who toured India twice. In those tours he held congregations in villages and cities to preach the astray people that to oppress the poor is a sin. He awoke those who were enduring tyranny to unite and fight the tyrants to end their sufferings and troubles.

The result of martyrdom of Guru Tegh Bahadur was clear when Aurangzeb dropped the idea to convert all Hindus of India to Islam by force. The outcome of his preaching was evident when on 30th March, 1699 A.D. at Anandpur, his son Guru Gobind Singh came in the morning congregation of about eighty thousands with unsheathed sword in his right hand and asked for five heads in the name of faith. In response to his demand, five Sikhs offered themselves. Those were the Sikhs from all over India i.e. Punjab, Delhi, Gujrat, Orrisa and Andhra Pradesh. Guru Tegh Bahadur did not save only the Hindu religion from extinction but also still reminds the believers of all faiths that faith is more precious than head.

I am greatly thankful to Dr. Chan for writing the foreword of Bed Time Stories-4 and K.P. Singh Brar for helping me to translate the manuscript.

I am highly obliged to Gurdwara Council B'HAM, Guru Ramdas Gurdwara and Dr. Joginder Singh J.P. to give their views about my writing.

I am thankful to Artist Kashmira Singh for producing the matching illustration and cover design and Singh Brothers and his staff with whose co-operation this book is in your hands in this beautiful form.

**S.S. Jagdev**

160-Formans Rd., Spark Hill,

Birmingham B11 3 BD, England.

Tel. 021-777-6371

25-9-93

# Review

In this atomic age, children cannot be led blindly to follow what they do not comprehend. They do not adopt in life, the teachings, they do not understand. The teaching of Guru Nanak is in tune with the present and can stand the tests of science. This is not meant only for the people of Punjab or the Sikhs alone but is beneficial for all the people of the world irrespective of their religious belief or the country they belong to.

Bed Time Stories written by Santokh Singh Jagdev in two languages have been quite successful in conveying the message of Guru Nanak to the Western World which includes our children also, because in these books Mr. Jagdev has tried to narrate in easy Panjabi and English, the happenings from the lives of the Sikh Gurus. By giving sketches alongwith the stories, he has endeavoured to explain the subject in a nice way.

Bed Time Stories-1 and 2 were immensely liked by the children. Parents often mention that their children do not go to sleep unless they have read a story or have got someone to read it for them. It has been a pleasure to have gone through the manuscripts of Bed Time Stories-3 and 4. It is hoped that the children will also like them because these contain the happenings in the lives of Guru Arjan Dev and Guru Tegh Bahadur who showed the true path of life by sacrificing themselves and became the defenders of freedom in faith.

The Council of Sikh Gurdwaras in Birmingham is highly obliged to the writer Santokh Singh Jagdev who has made his mind to convey to the children the happenings from the lives of the great Gurus in two languages. We pray to God to grant him success in his mission to make the children aware of the teachings of the Gurus by publishing the incidents from the lives of other Gurus also.

**Piara Singh Jheeta**

23-6-93

Chairman,
The Council of Sikh Gurdwaras,
Birmingham.



WWW.SIKHBOOKCLUB.COM 

# An Appreciation

Sardar Jagdev Ji,

I have read the manuscripts of "Bed Time Stories-3 and 4", which describe the lives of Guru Arjan Dev Ji and Guru Tegh Bahadur Ji.

You have not only worked hard but also have done a lot of research to produce the stories in English as well as in Punjabi with wonderful illustrations under one cover.

As English culture is different from Punjabi culture, so are the English and Punjabi languages. Without the actual sense of the words used by the Sikh Gurus, one cannot understand Sikh Philosophy.

"Bed Time Stories" series is not only useful but that also is an accurate attempt in fulfilling that gap.

It is also pertinent to mention here that the "Bed Time Stories-1 and 2" published previously have been a great success and been most welcomed by all the communities.

We highly recommend these books to those who want to learn or teach "Sikhism and Sikh Philosophy".

**Ram Singh**

General Secretary,

Gurdwara Guru Ramdas Singh Sabha,

Birmingham, England.

# ਬਚਪਨ ਦੀ ਬਹਾਦਰੀ

ਗੁਰੂ ਤੇਗ਼ ਬਹਾਦਰ ਜੀ ਦਾ ਜਨਮ 1 ਅਪ੍ਰੈਲ, 1621 ਈ. ਨੂੰ ਅੰਮ੍ਰਿਤਸਰ ਵਿਖੇ ਹੋਇਆ। ਆਪ ਦੇ ਪਿਤਾ ਗੁਰੂ ਹਰਿਗੋਬਿੰਦ ਜੀ ਅਤੇ ਮਾਤਾ ਨਾਨਕੀ ਜੀ ਸਨ। ਜਨਮ ਸਮੇਂ ਆਪ ਦਾ ਨਾਂ ਤਿਆਗ ਮੱਲ ਰੱਖਿਆ ਗਿਆ। ਆਪ ਨੇ ਭਾਈ ਗੁਰਦਾਸ ਜੀ ਪਾਸੋਂ ਸ਼ਾਸਤਰ ਵਿੱਦਿਆ ਪ੍ਰਾਪਤ ਕੀਤੀ। ਕੁਝ ਸਮੇਂ ਲਈ ਆਪ ਨੂੰ ਬਾਬਾ ਬੁੱਢਾ ਜੀ ਪਾਸ ਰਮਦਾਸ ਭੇਜਿਆ ਗਿਆ ਤਾਂ ਜੋ ਸਿੱਖ ਧਰਮ ਵਿਚ ਹੱਥੀਂ ਕਿਰਤ ਦੀ ਮਹਾਨਤਾ ਦੀ ਵਡਿਆਈ ਦਾ ਪਤਾ ਲੱਗ ਜਾਵੇ। ਬਾਬਾ ਬੁੱਢਾ ਜੀ ਵੱਡੀ ਉਮਰ ਦੇ ਹੋਣ ਉਪ੍ਰੰਤ ਵੀ ਹੱਥੀਂ ਸੇਵਾ ਕਰਦੇ ਸਨ। ਭਾਈ ਜੇਠਾ ਜੀ ਨੇ ਆਪ ਨੂੰ ਸ਼ਸਤਰ ਵਿੱਦਿਆ ਦਿੱਤੀ।

ਗੁਰੂ ਤੇਗ਼ ਬਹਾਦਰ ਜੀ ਬੜੇ ਸ਼ਾਂਤ ਸੁਭਾਅ ਦੇ ਸਨ। ਨਵੰਬਰ 1631 ਈ. ਵਿਚ ਬਾਬਾ ਬੁੱਢਾ ਜੀ ਅਕਾਲ ਚਲਾਣਾ ਕਰ ਗਏ ਅਤੇ ਕੁਝ ਸਮੇਂ ਉਪ੍ਰੰਤ ਭਾਈ ਗੁਰਦਾਸ ਜੀ ਵੀ ਰੱਬ ਨੂੰ ਪਿਆਰੇ ਹੋ ਗਏ। ਇਨ੍ਹਾਂ ਦੋਹਾਂ ਦੇ ਵਿਛੋੜੇ ਮਗਰੋਂ ਉਨ੍ਹਾਂ ਹੋਰ ਵੀ ਆਪਣੇ ਆਪ ਵਿੱਚ ਰਹਿਣਾ ਸ਼ੁਰੂ ਕਰ ਦਿੱਤਾ। ਮਾਰਚ 1632 ਈ. ਵਿਚ ਆਪ ਦੀ ਸ਼ਾਦੀ ਬੀਬੀ ਗੁਜਰੀ ਨਾਲ ਕਰਤਾਰਪੁਰ ਵਿਖੇ ਕੀਤੀ ਗਈ।

1632 ਈ. ਦੀ ਵੈਸਾਖੀ ਦਾ ਦੀਵਾਨ ਕਰਤਾਰਪੁਰ ਕੀਤਾ ਗਿਆ। ਪੈਂਦੇ ਖ਼ਾਨ ਨੇ ਕਾਲੇ ਖ਼ਾਨ ਨੂੰ ਨਾਲ ਲੈ ਕੇ ਕਰਤਾਰਪੁਰ ਉੱਪਰ ਹਮਲਾ ਕਰ ਦਿੱਤਾ। ਅੱਗੋਂ ਗੁਰੂ ਹਰਿਗੋਬਿੰਦ ਜੀ ਵੀ ਆਪਣੀ ਫ਼ੌਜ ਲੈ ਕੇ ਟਾਕਰੇ ਲਈ ਮੈਦਾਨ ਵਿਚ ਪੁੱਜ ਗਏ। ਸ਼ਹਿਰ ਦੇ ਲੋਕ, ਜਿਹੜੇ ਜੰਗ ਵਿਚ ਜਾ ਕੇ ਹਿੱਸਾ ਨਹੀਂ ਪਾ ਸਕਦੇ ਸਨ, ਉਹ ਕੋਠਿਆਂ ਉੱਪਰ ਚੜ੍ਹ ਗਏ। (ਗੁਰੂ) ਤੇਗ਼ ਬਹਾਦਰ ਜੀ ਉਨ੍ਹਾਂ ਦਿਨਾਂ ਵਿਚ ਸਿਰਫ਼ ਤੇਰ੍ਹਾਂ ਸਾਲਾਂ ਦੇ ਸਨ। ਉਨ੍ਹਾਂ ਆਪਣੇ ਸ਼ਸਤਰ ਪਹਿਨੇ ਅਤੇ ਧਰਮ-ਯੁੱਧ ਵਿਚ ਪੁੱਜ ਗਏ। ਮਾਤਾ ਨਾਨਕੀ ਜੀ ਨੇ ਉਨ੍ਹਾਂ ਨੂੰ ਮਕਾਨ ਦੀ ਛੱਤ ਉਪਰੋਂ ਯੁੱਧ ਕਰਦੇ ਡਿੱਠਾ। ਜਦੋਂ ਬਹੁਤ ਦੇਰ ਜੰਗ ਕਰਦਿਆਂ ਨੂੰ ਹੋ ਗਈ ਤਾਂ ਮਾਤਾ ਜੀ ਨੇ ਉਨ੍ਹਾਂ ਨੂੰ ਸੁਨੇਹਾ ਭੇਜਿਆ, "ਬੇਟਾ, ਤੁਸਾਂ ਨੂੰ ਜੰਗ ਕਰਦਿਆਂ ਬਹੁਤ ਦੇਰ ਹੋ ਗਈ ਹੈ। ਹੁਣ ਵਾਪਸ ਆ ਜਾਵੋ। ਦਮ ਲੈ ਕੇ ਫਿਰ ਚਲੇ ਜਾਣਾ।" ਉਨ੍ਹਾਂ ਉੱਤਰ ਭੇਜਿਆ, "ਮਾਤਾ ਜੀ, ਜੰਗ ਨੂੰ ਵਿਚੋਂ ਛੱਡ ਕੇ ਆਉਣਾ ਅਧਰਮ ਹੈ, ਇਸ ਲਈ ਮੈਂ ਆਪ ਦੇ ਹੁਕਮ ਦੀ ਪਾਲਣਾ ਨਹੀਂ ਕਰ ਸਕਦਾ। ਮੈਨੂੰ ਮੁਆਫ਼ ਕਰ ਦਿੱਤਾ ਜਾਵੇ।" ਜੰਗ ਵਿਚ ਪੈਂਦੇ ਖ਼ਾਨ ਤੇ ਕਾਲੇ ਖ਼ਾਨ ਦੇ ਮਾਰੇ ਜਾਣ ਉਪ੍ਰੰਤ ਸ਼ਾਹੀ ਫ਼ੌਜ ਜਿਧਰੋਂ ਆਈ ਸੀ, ਹਾਰ ਖਾ ਕੇ ਉਸੇ ਪਾਸੇ ਨੂੰ ਮੁੜ ਗਈ।

ਫ਼ੌਜ ਦੇ ਚਲੇ ਜਾਣ ਪਿੱਛੋਂ ਗੁਰੂ ਹਰਿਗੋਬਿੰਦ ਜੀ ਨੇ ਕੀਰਤਪੁਰ ਵੱਲ ਨੂੰ ਚਾਲੇ ਪਾ ਦਿੱਤੇ। ਫਗਵਾੜੇ ਕੋਲ ਪਲਾਹੀ ਪਿੰਡ ਦੇ ਨੇੜੇ ਸ਼ਾਹੀ ਫ਼ੌਜ ਨੇ ਪਿੱਛੋਂ ਆ ਕੇ ਫਿਰ ਹਮਲਾ ਕਰ ਦਿੱਤਾ। ਉਸ ਜੰਗ ਵਿਚ (ਗੁਰੂ) ਤੇਗ਼ ਬਹਾਦਰ ਜੀ ਨੇ ਤੇਗ਼ ਚਲਾਉਣ ਦੀ ਕਮਾਲ ਕਰ ਦਿੱਤੀ। ਗੁਰੂ ਹਰਿਗੋਬਿੰਦ ਜੀ ਉਨ੍ਹਾਂ ਦੀ ਬਹਾਦਰੀ ਦੇਖ ਕੇ ਬੜੇ ਖ਼ੁਸ਼ ਹੋਏ। ਸ਼ਾਹੀ ਫ਼ੌਜ ਨੂੰ ਇਸ ਹਮਲੇ ਵਿਚ ਵੀ ਮੂੰਹ ਦੀ ਖਾਣੀ ਪਈ। ਜੰਗ ਖ਼ਤਮ ਹੋਣ ਪਿੱਛੋਂ ਗੁਰੂ ਹਰਿਗੋਬਿੰਦ ਜੀ ਨੇ (ਗੁਰੂ) ਤੇਗ਼ ਬਹਾਦਰ ਜੀ ਨੂੰ ਪਾਸ ਬੁਲਾ ਕੇ ਕਿਹਾ, "ਬੇਟਾ, ਅੱਜ ਤੋਂ ਤੇਰਾ ਨਾਂ ਤਿਆਗ ਮੱਲ ਨਹੀਂ, ਤੇਗ਼ ਬਹਾਦਰ ਹੈ। ਤੁਸੀਂ ਤੇਗ਼ ਦੇ ਧਨੀ ਹੋ।"

ਬਚਪਨ ਦੀ ਬਹਾਦਰੀ

# Bravery in Childhood



# Bravery in Childhood

Guru Tegh Bahadur was born on Ist April, 1621 A.D. at Amritsar. His father was Guru Hargobind and mother Nanaki. He was named Tyag Mall at the time of his birth. He gained knowledge of scriptures from Bhai Gurdas. He was sent to live with Baba Budha at Ramdas farm for some time so that he may learn the significance attached in the Sikh faith to the work with own hands. In spite of old age, Baba Budha worked in the farm with his own hands. Bhai Jetha imparted him weapon training.

Guru Tegh Bahadur was very calm by nature. Baba Budha left this world in November 1631 A.D. and Bhai Gurdas also attained union with God shortly afterwards. With their departure, he started living in detachment still more. He was married to Bibi Gujri at Kartarpur in March 1632 A.D.

Vaisakhi congregation of 1632 A.D. was held at Kartarpur. Painde Khan, taking Kale Khan with him, attacked Kartarpur. Guru Hargobind came out with his devotees to face him in the battlefield. The people of the city, who could not take part in the battle climbed up the house tops. (Guru) Tegh Bahadur was only thirteen at that time. He donned his weapons and joined the battle of faith. Mother Nanaki saw him fighting from the roof of the house. When he went on fighting for a long time, the mother sent a message, "Son ! You have fought for quite a long time. Come back now. You may return after some rest." He sent back the word, "Dear Mother ! It is a sin to leave the battlefield while the fighting is in progress. As such I am unable to obey your command. I may be pardoned." After the death of Painde Khan and Kale Khan in the battlefield, the royal army was defeated and retreated to where it had come from.

After the retreat of the army, Guru Hargobind started towards Kiratpur. At village Palahi near Phagwara, the royal army again attacked from the rear. (Guru) Tegh Bahadur excelled in wielding his sword in that battle too. Guru Hargobind was very pleased on seeing his bravery. The royal army bit the dust in this attack also. After the battle, Guru Hargobind called (Guru) Tegh Bahadur to him and said, "Son ! From this day your name is Tegh Bahadur and not Tyag Mall. You are an accomplished swordsman."



WWW.SIKHBOOKCLUB.COM 

ਗੁਰੂ ਲਾਧੋ ਰੇ

Found the Guru



# ਗੁਰੂ ਲਾਧੋ ਰੇ

ਗੁਰੂ ਹਰਿਗੋਬਿੰਦ ਜੀ ਨੇ 3 ਮਾਰਚ, 1644 ਈ. ਨੂੰ ਜੋਤੀ ਜੋਤ ਸਮਾਉਣ ਤੋਂ ਪਹਿਲਾਂ, ਗੁਰ-ਗੱਦੀ ਦੀ ਜ਼ਿੰਮੇਵਾਰੀ ਆਪਣੇ ਪੋਤਰੇ ਹਰਿ ਰਾਇ ਜੀ ਨੂੰ ਸੌਂਪ ਦਿੱਤੀ ਅਤੇ (ਗੁਰੂ) ਤੇਗ਼ ਬਹਾਦਰ ਜੀ ਨੂੰ ਕੀਰਤਪੁਰ ਤੋਂ ਬਕਾਲੇ ਜਾਣ ਦੀ ਆਗਿਆ ਕਰ ਦਿੱਤੀ। (ਗੁਰੂ) ਤੇਗ਼ ਬਹਾਦਰ ਜੀ ਉਨ੍ਹਾਂ ਦਾ ਹੁਕਮ ਮੰਨ ਕੇ, ਮਾਤਾ ਨਾਨਕੀ ਅਤੇ ਮਾਤਾ ਗੁਜਰੀ ਜੀ ਨੂੰ ਨਾਲ ਲੈ ਕੇ ਬਕਾਲੇ ਪਿੰਡ ਚਲੇ ਗਏ। ਬਕਾਲਾ ਉਨ੍ਹਾਂ ਦਾ ਨਾਨਕਾ ਪਿੰਡ ਸੀ।

30 ਮਾਰਚ, 1664 ਈ. ਨੂੰ ਗੁਰੂ ਹਰਿਕ੍ਰਿਸ਼ਨ ਜੀ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਸਿੱਖ ਸੰਗਤਾਂ ਨੂੰ ਬਚਨ ਕਰ ਗਏ—"ਗੁਰੂ ਬਾਬਾ ਬਕਾਲੇ।" ਜਦੋਂ ਸੋਢੀਆਂ ਨੂੰ ਗੁਰੂ ਹਰਿਕ੍ਰਿਸ਼ਨ ਜੀ ਦੇ ਇਨ੍ਹਾਂ ਬਚਨਾਂ ਦਾ ਪਤਾ ਲੱਗਾ ਤਾਂ ਬਹੁਤ ਸਾਰੇ ਸੋਢੀ ਗੁਰੂ ਬਣਨ ਦੀ ਇੱਛਾ ਨਾਲ ਬਕਾਲੇ ਪੁੱਜ ਗਏ। ਸਿੱਖਾਂ ਨੂੰ ਸਮਝ ਨਾ ਪਵੇ ਕਿ ਸੱਚਾ ਗੁਰੂ ਕਿਹੜਾ ਸੀ। 9 ਅਕਤੂਬਰ, 1664 ਈ. ਨੂੰ ਮੱਖਣ ਸ਼ਾਹ ਵਪਾਰੀ ਆਪਣਾ ਦਸਵੰਧ ਗੁਰੂ ਘਰ ਭੇਂਟ ਕਰਨ ਲਈ ਬਕਾਲੇ ਪੁੱਜਿਆ। ਉਸ ਨੇ ਬਹੁਤ ਸਾਰੇ ਗੁਰੂ ਦੇਖ ਕੇ ਸਮਝ ਲਿਆ ਕਿ ਉਨ੍ਹਾਂ ਵਿਚ ਸਿਰਫ਼ ਇਕ ਸੱਚਾ ਗੁਰੂ ਸੀ ਤੇ ਬਾਕੀ ਸਾਰੇ ਝੂਠੇ ਸਨ। ਉਸ ਨੇ ਇਸ ਵਿਚਾਰ ਨਾਲ ਕਿ ਸੱਚਾ ਗੁਰੂ ਆਪਣਾ ਦਸਵੰਧ ਆਪ ਮੰਗ ਲਵੇਗਾ, ਉਸ ਨੇ ਹਰ ਗੁਰੂ ਅਖਵਾਉਣ ਵਾਲੇ ਸੋਢੀ ਅੱਗੇ ਦੋ ਮੁਹਰਾਂ ਰੱਖ ਕੇ ਮੱਥਾ ਟੇਕਣਾ ਸ਼ੁਰੂ ਕਰ ਦਿੱਤਾ। ਕਿਸੇ ਦਿਖਾਵੇ ਦੇ ਗੁਰੂ ਨੇ ਉਸ ਪਾਸੋਂ ਆਪਣੀ ਦਸਵੰਧ ਨਾ ਮੰਗੀ ਤਾਂ ਉਸ ਨੇ ਬਕਾਲੇ ਦੇ ਵਾਸੀਆਂ ਪਾਸੋਂ ਪੁੱਛਿਆ, "ਕੀ ਏਥੇ ਹੋਰ ਵੀ ਕੋਈ ਸੋਢੀ ਹੈ?" ਉਨ੍ਹਾਂ (ਗੁਰੂ) ਤੇਗ਼ ਬਹਾਦਰ ਜੀ ਦੀ ਦੱਸ ਪਾਈ।

ਮੱਖਣ ਸ਼ਾਹ ਨਗਰ ਵਾਸੀਆਂ ਦੇ ਦੱਸਣ ਉੱਪਰ ਗੁਰੂ ਤੇਗ਼ ਬਹਾਦਰ ਜੀ ਦੇ ਘਰ ਪੁੱਜ ਗਿਆ। ਉਸ ਨੇ ਦੋ ਮੁਹਰਾਂ ਗੁਰੂ ਤੇਗ਼ ਬਹਾਦਰ ਜੀ ਅੱਗੇ ਰੱਖ ਕੇ ਮੱਥਾ ਟੇਕਿਆ। ਗੁਰੂ ਤੇਗ਼ ਬਹਾਦਰ ਜੀ ਨੇ ਦੋ ਮੁਹਰਾਂ ਦੇਖ ਕੇ ਕਿਹਾ, "ਭਾਈ ਸਿੱਖਾ, ਇੱਥੇ ਦੋ ਮੁਹਰਾਂ ਨਹੀਂ, ਇੱਥੇ ਤਾਂ ਗੁਰੂ ਘਰ ਦਾ ਦਸਵੰਧ ਚਾਹੀਦਾ ਹੈ।" ਇਹ ਕਹਿਣ ਪਿੱਛੋਂ ਗੁਰੂ ਜੀ ਨੇ ਆਪਣਾ ਮੋਢਾ ਨੰਗਾ ਕਰ ਕੇ ਮੱਖਣ ਸ਼ਾਹ ਨੂੰ ਦਿਖਾਇਆ, ਜਿਸ ਉੱਪਰ ਜ਼ਖ਼ਮਾਂ ਦੇ ਨਿਸ਼ਾਨ ਸਨ। ਗੁਰੂ ਜੀ ਨੇ ਉਸ ਨੂੰ ਦੱਸਿਆ, "ਇਹ ਜ਼ਖ਼ਮਾਂ ਦੇ ਨਿਸ਼ਾਨ ਉਸ ਸਮੇਂ ਦੇ ਹਨ ਜਦੋਂ ਤੇਰਾ ਜਹਾਜ਼ ਸੂਰਤ ਦੀ ਬੰਦਰਗਾਹ ਦੇ ਨੇੜੇ ਅੜ ਗਿਆ ਸੀ ਅਤੇ ਤੂੰ ਗੁਰੂ ਅੱਗੇ ਅਰਦਾਸ ਕੀਤੀ ਸੀ ਕਿ ਮੇਰਾ ਜਹਾਜ਼ ਬੰਨੇ ਲਗਾਵੋ। ਤੇਰੀ ਅਰਦਾਸ ਸੁਣ ਕੇ ਅਸੀਂ ਤੇਰੇ ਜਹਾਜ਼ ਨੂੰ ਇਹ ਮੋਢਾ ਲਗਾ ਕੇ ਅੱਗੇ ਤੋਰਿਆ ਸੀ।"

ਮੱਖਣ ਸ਼ਾਹ ਨੇ ਜਦੋਂ ਗੁਰੂ ਤੇਗ਼ ਬਹਾਦਰ ਜੀ ਦੇ ਮੋਢੇ ਉੱਪਰ ਜ਼ਖ਼ਮਾਂ ਦੇ ਨਿਸ਼ਾਨ ਦੇਖੇ, ਉਸ ਨੇ ਦਸਵੰਧ ਗੁਰੂ ਜੀ ਅੱਗੇ ਭੇਟਾ ਕਰ ਦਿੱਤਾ, ਆਪ ਮਕਾਨ ਦੀ ਛੱਤ ਉੱਪਰ ਚੜ੍ਹ ਗਿਆ ਅਤੇ ਬੜੀ ਜ਼ੋਰ ਜ਼ੋਰ ਦੀ ਆਖਣ ਲੱਗਾ, "ਗੁਰੂ ਲਾਧੋ ਰੇ, ਗੁਰੂ ਲਾਧੋ ਰੇ।" ਮੱਖਣ ਸ਼ਾਹ ਦੀਆਂ ਆਵਾਜ਼ਾਂ ਸੁਣ ਕੇ ਸਿੱਖ ਸੰਗਤ ਗੁਰੂ ਤੇਗ਼ ਬਹਾਦਰ ਜੀ ਦੇ ਘਰ ਇਕੱਠੀ ਹੋਣ ਲੱਗੀ। ਮੱਖਣ ਸ਼ਾਹ ਨੇ ਇਕੱਠੀ ਹੋਈ ਸੰਗਤ ਨੂੰ ਆਪ-ਬੀਤੀ ਸੁਣਾਈ, ਜਿਸ ਨਾਲ ਗੁਰੂ ਤੇਗ਼ ਬਹਾਦਰ ਜੀ ਦੇ ਸੱਚੇ ਗੁਰੂ ਹੋਣ ਦਾ ਪਤਾ ਸਾਰੀ ਸੰਗਤ ਨੂੰ ਲੱਗ ਗਿਆ। ਬਾਕੀ ਭੇਖੀ ਗੁਰੂਆਂ ਨੂੰ ਸੱਚੇ ਗੁਰੂ ਦੇ ਪ੍ਰਗਟ ਹੋਣ ਬਾਰੇ ਸੁਣ ਕੇ ਬੜਾ ਦੁਖ ਹੋਇਆ, ਕਿਉਂਕਿ ਉਨ੍ਹਾਂ ਭੇਖੀਆਂ ਨੂੰ ਸਿੱਖਾਂ ਪਾਸੋਂ ਭੇਟਾਂ ਮਿਲਣੀਆਂ ਬੰਦ ਹੋ ਜਾਣੀਆਂ ਸਨ।

# *Found the Guru*

Guru Hargobind, before his union with the Supreme Being on 3rd March, 1644 A.D., entrusted the leadership of the Sikhs to his grandson, Har Rai and commanded (Guru) Tegh Bahadur to go from Kiratpur to village Bakala. In accordance with the commands of his father, (Guru) Tegh Bahadur went to Bakala along with mother Nanaki and revered Gujri. Bakala was the village of his maternal grand parents.

Guru Har Krishan—the eighth Guru told the devotees before his soul became one with the Eternal Light on 30th March, 1664 A.D., "Guru Baba at Bakala." His words meant that the next Guru to lead the Sikhs was at Bakala and was his grand father. When the Sodhis (blood relatives of Guru Har Krishan) came to know of these words, many of them reached Bakala with the intention of becoming guru. The Sikhs were at a loss to know as to who the real Guru was. Makhan Shah, a trader, came to Bakala on 9th October, 1664 A.D. to offer his tithe to the Guru's institution. Seeing so many gurus he understood that there was only one true Guru and the rest were impostors. Thinking that the true Guru will ask for his tithe himself, he began paying two gold coins as obeisance to each Sodhi, imposing as guru. When none calling himself a guru asked for his tithe, he asked the people of Bakala, "Is there any other Sodhi here ?" They told him about (Guru) Tegh Bahadur.

As directed by the residents, Makhan Shah reached the house of (Guru) Tegh Bahadur. He paid obeisance by placing two gold coins before him. On seeing two gold coins (Guru) Tegh Bahadur said, "Brother Sikh ! Two coins will not do here. You shall have to offer full tithe of the Guru's institution here." Having said this, the Guru uncovered his shoulder which bore scars of wounds. He showed it to Makhan Shah and told him, "These scars relate to the time when your ship got stuck near the port of Surat. You then prayed to the Guru to take your ship to the port. Listening to your prayer, I had pushed your ship ahead with this shoulder."

When Makhan Shah saw the scars of wounds on the shoulder of Guru Tegh Bahadur, he offered his tithe to him and ascending the roof of his house, he began to shout, "I have found the Guru. I have found the Guru." Hearing the call of Makhan Shah, the Sikh devotees began to gather at the house of Guru Tegh Bahadur. Makhan Shah narrated to the congregation all that had happened to him by which all the devotees were convinced of Guru Tegh Bahadur being the true Guru. Others imposing as gurus were greatly pained to know about the revelation of the true Guru because the Sikhs would stop giving offerings to those impostors.



WWW.SIKHBOOKCLUB.COM 

# ਧੀਰ ਮੱਲ ਦਾ ਹਮਲਾ

ਗੁਰੂ ਤੇਗ਼ ਬਹਾਦਰ ਜੀ ਦੇ ਵੱਡੇ ਭਰਾ ਬਾਬਾ ਗੁਰਦਿੱਤਾ ਜੀ ਦਾ ਵੱਡਾ ਪੁੱਤਰ ਧੀਰ ਮੱਲ, ਬਕਾਲੇ ਆ ਕੇ ਗੁਰੂ ਬਣਨ ਦੀ ਆਸ਼ਾ ਰੱਖ, ਇਕ ਡੇਰਾ ਲਗਾਈ ਬੈਠਾ ਸੀ। ਗੁਰੂ ਤੇਗ਼ ਬਹਾਦਰ ਜੀ ਦੇ ਪ੍ਰਗਟ ਹੋਣ ਉਪ੍ਰੰਤ ਸਿੱਖ ਸੰਗਤਾਂ ਬਹੁਤ ਮਾਇਆ ਤੇ ਭੇਟਾਵਾਂ ਲੈ ਕੇ ਗੁਰੂ ਜੀ ਪਾਸ ਹਾਜ਼ਰ ਹੋਈਆਂ ਸਨ। ਧੀਰ ਮੱਲ ਪਾਸੋਂ ਇਹ ਸਹਾਰਿਆ ਨਾ ਗਿਆ। ਉਸ ਨੇ ਆਪਣੇ ਸ਼ੀਹਾਂ ਮਸੰਦ ਤੇ ਹੋਰ ਲਾਲਚੀਆਂ ਨਾਲ ਮਿਲ ਕੇ ਵਿਉਂਤ ਬਣਾਈ ਕਿ ਮੱਖਣ ਸ਼ਾਹ ਦੇ ਆਪਣੇ ਡੇਰੇ ਜਾਣ ਪਿੱਛੋਂ ਗੁਰੂ ਤੇਗ਼ ਬਹਾਦਰ ਜੀ ਦਾ ਘਰ ਲੁੱਟ ਲਿਆ ਜਾਵੇ ਅਤੇ ਉਨ੍ਹਾਂ ਨੂੰ ਮਾਰ ਦਿੱਤਾ ਜਾਵੇ, ਕਿਉਂਕਿ ਉਨ੍ਹਾਂ ਦੇ ਜਿਊਂਦੇ-ਜੀ ਗੁਰ-ਗੱਦੀ ਪ੍ਰਾਪਤ ਨਹੀਂ ਸੀ ਹੋ ਸਕਣੀ।

ਮੱਖਣ ਸ਼ਾਹ ਦੇ ਆਪਣੇ ਡੇਰੇ ਜਾਣ ਦੀ ਖ਼ਬਰ ਮਿਲਣ ਪਿਛੋਂ ਧੀਰ ਮੱਲ ਆਪਣੇ ਨਾਲ ਸ਼ੀਹਾਂ ਮਸੰਦ ਤੇ ਹੋਰ ਪੰਝੀ ਬੰਦੂਕਾਂ ਵਾਲਿਆਂ ਨੂੰ ਲੈ ਕੇ ਗੁਰੂ ਤੇਗ਼ ਬਹਾਦਰ ਜੀ ਦੇ ਘਰ ਪੁੱਜ ਗਿਆ। ਗੁਰੂ ਤੇਗ਼ ਬਹਾਦਰ ਜੀ ਦਾ ਨਿਸ਼ਾਨਾ ਬੰਨ੍ਹ ਕੇ ਸ਼ੀਹਾਂ ਮਸੰਦ ਨੇ ਗੋਲੀ ਚਲਾ ਦਿੱਤੀ। ਉਹ ਗੋਲੀ ਗੁਰੂ ਜੀ ਦੇ ਮਸਤਕ ਨੂੰ ਛੂੰਹਦੀ ਹੋਈ ਅੱਗੇ ਲੰਘ ਗਈ। ਗੁਰੂ ਜੀ ਦਾ ਮੱਥਾ ਖ਼ੂਨ ਨਾਲ ਭਰ ਗਿਆ। ਧੀਰ ਮੱਲ ਦੇ ਗੁਰੂ ਜੀ ਪਾਸ ਪੁੱਜਣ ਤੱਕ, ਮਾਤਾ ਨਾਨਕੀ ਜੀ ਵੀ ਉਥੇ ਪੁੱਜ ਗਏ। ਉਨ੍ਹਾਂ ਧੀਰ ਮੱਲ ਨੂੰ ਕਿਹਾ, "ਜੇ ਤੇਰੇ ਵਿਚ ਸ਼ਕਤੀ ਸੀ ਤਾਂ ਸੰਗਤ ਨੂੰ ਆਪਣੇ ਵਲ ਖਿੱਚਦਾ। ਤੇਰਾ ਇਹ ਜ਼ੋਰ ਕੁਝ ਨਹੀਂ ਸੰਵਾਰ ਸਕਦਾ।" ਮਾਤਾ ਨਾਨਕੀ ਜੀ ਪਾਸੋਂ ਇਸ ਤਰ੍ਹਾਂ ਦੇ ਬਚਨ ਸੁਣ ਕੇ ਧੀਰ ਮੱਲ ਬੜਾ ਛਿੱਥਾ ਹੋਇਆ। ਗੁਰੂ ਘਰ ਤੋਂ ਵਾਪਸ ਜਾਣ ਲੱਗਿਆਂ ਆਪਣੇ ਨਾਲ ਗੁਰੂ ਘਰ ਦਾ ਕੀਮਤੀ ਸਾਮਾਨ ਲੁੱਟ ਕੇ ਲੈ ਗਿਆ।

ਬੰਦੂਕਾਂ ਚੱਲਣ ਦੀਆਂ ਆਵਾਜ਼ਾਂ ਸੁਣ ਕੇ ਮੱਖਣ ਸ਼ਾਹ ਆਪਣੇ ਆਦਮੀ ਲੈ ਕੇ ਗੁਰੂ ਘਰ ਪੁੱਜਾ। ਉਸ ਨੂੰ ਮਾਤਾ ਨਾਨਕੀ ਜੀ ਨੇ ਦੱਸਿਆ ਕਿ ਕਿਵੇਂ ਧੀਰ ਮੱਲ ਆਪਣੇ ਨਾਲ ਬੰਦੂਕਾਂ ਵਾਲੇ ਲੈ ਕੇ ਗੁਰੂ ਜੀ ਨੂੰ ਮਾਰਨ ਆਇਆ ਸੀ ਅਤੇ ਗੁਰੂ ਜੀ ਨੂੰ ਜ਼ਖ਼ਮੀ ਕਰ ਕੇ ਅਤੇ ਲੁੱਟ-ਮਾਰ ਕਰ ਕੇ ਵਾਪਸ ਆਪਣੇ ਡੇਰੇ ਚਲਿਆ ਗਿਆ ਸੀ। ਮੱਖਣ ਸ਼ਾਹ ਇਹ ਸੁਣ ਕੇ ਆਪਣੇ ਆਦਮੀ ਲੈ ਕੇ ਧੀਰ ਮੱਲ ਦੇ ਡੇਰੇ ਗਿਆ। ਮੱਖਣ ਸ਼ਾਹ ਅਤੇ ਉਸ ਦੇ ਆਦਮੀਆਂ ਨੂੰ ਦੇਖ ਕੇ ਧੀਰ ਮੱਲ ਦੇ ਬੰਦੂਕਾਂ ਵਾਲੇ ਭੱਜ ਗਏ। ਮੱਖਣ ਸ਼ਾਹ ਨੇ, ਉਹ ਸਾਰਾ ਧਨ-ਪਦਾਰਥ, ਜਿਹੜਾ ਧੀਰ ਮੱਲ ਗੁਰੂ ਘਰ ਤੋਂ ਲੁੱਟ ਕੇ ਲੈ ਆਇਆ ਸੀ, ਇਕੱਠਾ ਕਰਵਾਇਆ ਅਤੇ ਆਪਣੇ ਆਦਮੀ ਨੂੰ ਚੁਕਵਾ ਕੇ ਗੁਰੂ ਘਰ ਭੇਜ ਦਿੱਤਾ। ਧੀਰ ਮੱਲ ਨੂੰ ਨੰਗੇ ਪੈਰੀਂ ਤੋਰ ਕੇ ਅਤੇ ਸ਼ੀਹਾਂ ਮਸੰਦ ਦੇ ਹੱਥ ਪੈਰ ਬੰਨ੍ਹ ਕੇ ਗੁਰੂ ਜੀ ਪਾਸ ਲਿਆ ਹਾਜ਼ਰ ਕੀਤਾ।

ਗੁਰੂ ਤੇਗ਼ ਬਹਾਦਰ ਜੀ ਨੇ ਇਹ ਸਭ ਕੁਝ ਦੇਖ ਕੇ ਮੱਖਣ ਸ਼ਾਹ ਨੂੰ ਕਿਹਾ, "ਇਨ੍ਹਾਂ ਨੂੰ ਛੱਡ ਦੇਵੋ। ਉਹ ਸਾਰਾ ਧਨ-ਪਦਾਰਥ ਇਨ੍ਹਾਂ ਨੂੰ ਮੋੜ ਦੇਵੋ, ਜਿਹੜਾ ਇਨ੍ਹਾਂ ਦੇ ਡੇਰੇ ਤੋਂ ਤੁਸੀਂ ਲੈ ਕੇ ਆਏ ਹੋ। ਇਨ੍ਹਾਂ ਸਭ ਕੁਝ ਧਨ-ਪਦਾਰਥ ਦੇ ਮੋਹ ਵਿਚ ਫਸ ਕੇ ਕੀਤਾ ਹੈ। ਜਿਸ ਧਨ-ਪਦਾਰਥ ਪਾਸੋਂ ਇਨ੍ਹਾਂ ਨੂੰ ਸੁੱਖ ਦੀ ਆਸ ਸੀ, ਉਸ ਨੇ ਇਨ੍ਹਾਂ ਨੂੰ ਦੁੱਖ ਹੀ ਦਿੱਤਾ ਹੈ, ਸੋ ਉਹ ਧਨ-ਪਦਾਰਥ ਇਨ੍ਹਾਂ ਪਾਸ ਹੀ ਜਾਣਾ ਠੀਕ ਹੈ।" ਗੁਰੂ ਜੀ ਦਾ ਹੁਕਮ ਮੰਨ ਕੇ ਮੱਖਣ ਸ਼ਾਹ ਨੇ ਸਾਰਾ ਧਨ-ਪਦਾਰਥ ਉਨਾਂ ਨੂੰ ਵਾਪਸ ਕਰ ਦਿੱਤਾ ਪਰ ਗੁਰੂ ਗ੍ਰੰਥ ਸਾਹਿਬ ਦੀ ਬੀੜ ਵਾਪਸ ਨਾ ਕੀਤੀ, ਕਿਉਂਕਿ ਬੀੜ ਸਿੱਖ ਧਰਮ ਦੇ ਸੱਚੇ ਗੁਰੂ ਨਾਲ ਸੰਬੰਧਤ ਸੀ।

Attack by Dhir Mall

ਧੀਰ ਮੱਲ ਦਾ ਹਮਲਾ



# *Attack by Dhir Mall*

Dhir Mall, the elder son of Baba Gurditta—elder brother of Guru Tegh Bahadur, had set up a camp at village Bakala in the hope of becoming guru. When it was known to all that Guru Tegh Bahadur was the real Guru, Sikh devotees presented themselves with offerings of money and other presents. Dhir Mall could not bear it. He hatched a conspiracy with his Masand Shihan (who used to collect offerings from Sikhs on Guru's behalf) and other greedy persons that after the departure of Makhan Shah to his camp, the house of Guru Tegh Bahadur be looted and he be killed because it was not possible to take over the leadership of the Sikhs while he was alive."

On receiving information about the departure of Makhan Shah to his camp, Dhir Mall along with Shihan Masand and twenty-five gunmen, reached the house of Guru Tegh Bahadur. Taking aim at Guru Tegh Bahadur, Shihan Masand fired a shot. The bullet, touching the forehead of Guru Tegh Bahadur passed onwards. The forehead was smeared with blood. By the time Dhir Mall came near Guru Tegh Bahadur, Mother Nanaki also reached there. She said to Dhir Mall, "You should have convinced the devotees to follow you if you had ability. This violence of your's cannot do any good to you." Dhir Mall was greatly annoyed on hearing these insulting words from Mother Nanaki. While returning, he looted and took away valuables from the Guru's institution.

Hearing gun shots, Makhan Shah reached the Guru's institution with his men. Mother Nanaki told him how Dhir Mall had come with gunmen to kill the Guru and had gone back after wounding Guru Tegh Bahadur and looting Guru's institution. Hearing this, Makhan Shah reached the camp of Dhir Mall with his men. On seeing Makhan Shah and his men coming, the gunmen of Dhir Mall fled. Makhan Shah got his men to collect the money and material that Dhir Mall had brought from the Guru's institution and carried it back to Guru Tegh Bahadur's place. He got Dhir Mall walk bare footed and presented him before Guru Tegh Bahadur alongwith Shihan Masand with his hands and feet tied.

Seeing all this, Guru Tegh Bahadur said to Makhan Shah, "Please release them. Return all the money and material, you have brought from their camp, back to them. They have done it all in their greed for wealth. The money and the material which, they thought would give them comfort, has brought suffering to them. It is proper that that money and material remains with them." Obeying the command of Guru Tegh Bahadur, Makhan Shah returned all the things to them except the volume of Guru Granth Sahib, because the Sikh scriptures belonged to the real Guru of the Sikhs.


Visit to Amritsar
ਅੰਮ੍ਰਿਤਸਰ ਦੀ ਫੇਰੀ

# ਅੰਮ੍ਰਿਤਸਰ ਦੀ ਫੇਰੀ

1630 ਈ. ਵਿਚ ਅੰਮ੍ਰਿਤਸਰ ਛੱਡਣ ਸਮੇਂ, ਗੁਰੂ ਹਰਿਗੋਬਿੰਦ ਜੀ ਸ੍ਰੀ ਹਰਿਮੰਦਰ ਸਾਹਿਬ ਦਾ ਪ੍ਰਬੰਧ ਸਿੱਖ ਸੇਵਾਦਾਰਾਂ ਨੂੰ ਸੌਂਪ ਆਏ ਸਨ। 1664 ਈ. ਵਿਚ ਗੁਰੂ ਤੇਗ਼ ਬਹਾਦਰ ਜੀ ਨੂੰ ਗੁਰ-ਗੱਦੀ ਦੀ ਜ਼ਿੰਮੇਵਾਰੀ ਸੌਂਪੀ ਗਈ। ਉਨ੍ਹਾਂ ਦਿਨਾਂ ਵਿਚ ਪ੍ਰਿਥੀ ਚੰਦ ਦਾ ਪੋਤਰਾ, ਹਰਿ ਜੀ, ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ-ਸੰਭਾਲ ਕਰਦਾ ਸੀ। ਉਸ ਨੇ ਆਪਣੇ ਨਾਂ ਹੇਠ ਕੁਝ ਕਵਿਤਾਵਾਂ ਲਿਖੀਆਂ ਸਨ ਅਤੇ ਉਨ੍ਹਾਂ ਦਾ ਸੱਚੀ ਬਾਣੀ ਵਾਂਗ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਰਤਨ ਕਰਵਾਉਂਦਾ ਸੀ। ਅੰਮ੍ਰਿਤਸਰ ਦੇ ਰਹਿਣ ਵਾਲੇ ਸਿੱਖਾਂ ਨੇ ਉਸ ਝੂਠੀ ਬਾਣੀ ਦੇ ਪ੍ਰਚਾਰ ਨੂੰ ਰੋਕਣ ਲਈ, ਗੁਰੂ ਹਰਿ ਰਾਇ ਜੀ ਪਾਸ ਕੀਰਤਪੁਰ ਪੁੱਜ ਕੇ ਬੇਨਤੀ ਕੀਤੀ ਕਿ ਉਸ ਨੂੰ ਇਸ ਝੂਠੀ ਬਾਣੀ ਦੇ ਪ੍ਰਚਾਰ ਤੋਂ ਰੋਕਿਆ ਜਾਵੇ। ਗੁਰੂ ਹਰਿ ਰਾਇ ਜੀ ਨੂੰ ਅੰਮ੍ਰਿਤਸਰ ਪਹੁੰਚ ਕੇ ਝੂਠੇ ਪ੍ਰਚਾਰ ਨੂੰ ਰੋਕਣ ਦਾ ਸਮਾਂ ਨਾ ਮਿਲਿਆ। ਗੁਰੂ ਤੇਗ਼ ਬਹਾਦਰ ਜੀ ਸ੍ਰੀ ਹਰਿਮੰਦਰ ਸਾਹਿਬ ਹੁੰਦੇ ਕੁਕਰਮ ਨੂੰ ਰੋਕਣ ਲਈ 22 ਨਵੰਬਰ, 1664 ਈ. ਨੂੰ ਅੰਮ੍ਰਿਤਸਰ ਪੁੱਜੇ।

ਹਰਿ ਜੀ ਨੂੰ ਜਦੋਂ ਗੁਰੂ ਤੇਗ਼ ਬਹਾਦਰ ਜੀ ਦੇ ਸ੍ਰੀ ਹਰਿਮੰਦਰ ਸਾਹਿਬ ਵੱਲ ਆਉਣ ਦਾ ਪਤਾ ਲੱਗਾ ਤਾਂ ਉਸ ਨੇ ਮਸੰਦਾਂ ਪਾਸੋਂ ਦਰਸ਼ਨੀ ਡਿਉੜੀ ਨੂੰ ਜਿੰਦਰਾ ਲਗਵਾ ਦਿੱਤਾ। ਗੁਰੂ ਜੀ ਅਤੇ ਸੰਗਤਾਂ ਨੇ ਸਰੋਵਰ ਵਿਚ ਇਸ਼ਨਾਨ ਕਰ ਕੇ ਅਕਾਲ ਤਖ਼ਤ ਦੇ ਲਾਗੇ ਥੜ੍ਹੇ ਉੱਪਰ ਦੀਵਾਨ ਲਗਾਇਆ। ਮੱਖਣ ਸ਼ਾਹ ਨੇ ਬੇਨਤੀ ਕੀਤੀ, "ਗੁਰੂ ਜੀ, ਆਗਿਆ ਦੇਵੋ ਤਾਂ ਇਨ੍ਹਾਂ ਨੂੰ ਧੀਰ ਮੱਲ ਵਰਗੀ ਸਜ਼ਾ ਦੇਈਏ ?" ਗੁਰੂ ਜੀ ਨੇ ਕਿਹਾ, "ਮੱਖਣ ਸ਼ਾਹ, ਇਹ ਤਾਂ ਲੋਭ ਨਾਲ ਪਹਿਲਾਂ ਹੀ ਮਰੇ ਹੋਏ ਹਨ। ਮਰੇ ਹੋਏ ਨੂੰ ਸਜ਼ਾ ਦੇਣ ਦਾ ਕੋਈ ਲਾਭ ਨਹੀਂ। ਪੂਜਾ ਦੇ ਧਨ ਵਰਗਾ ਮੈਲਾ ਹੋਰ ਕੋਈ ਧਨ ਨਹੀਂ। ਪੂਜਾ ਦੇ ਧਨ ਦੇ ਲਾਲਚ ਕਾਰਨ ਇਨ੍ਹਾਂ ਵਿਚ ਨਾ ਭਗਤੀ ਰਹੀ ਹੈ, ਨਾ ਜਤ ਰਿਹਾ ਹੈ, ਨਾ ਸਤ ਰਿਹਾ ਹੈ ਅਤੇ ਨਾ ਹੀ ਇਨ੍ਹਾਂ ਪਾਸ ਗਿਆਨ ਰਿਹਾ ਹੈ। ਇਨ੍ਹਾਂ ਨੂੰ ਕੁਕਰਮਾਂ ਤੋਂ ਵੀ ਰੋਕਿਆ ਨਹੀਂ ਜਾ ਸਕਦਾ।"

ਸ਼ਾਮ ਵੇਲੇ, ਗੁਰੂ ਜੀ ਅੰਮ੍ਰਿਤਸਰ ਤੋਂ ਵੱਲਾ ਪਿੰਡ ਚਲੇ ਗਏ। ਅੰਮ੍ਰਿਤਸਰ ਦੀ ਸਿੱਖ ਸੰਗਤ ਨੂੰ ਜਦੋਂ ਪਤਾ ਲੱਗਾ ਕਿ ਗੁਰੂ ਜੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਆਏ ਸਨ ਪਰ ਮਸੰਦਾਂ ਨੇ ਪਹਿਲਾਂ ਹੀ ਦਰਵਾਜ਼ੇ ਬੰਦ ਕਰ ਦਿੱਤੇ ਸਨ, ਤਾਂ ਮਸੰਦਾਂ ਦੇ ਇਸ ਤਰ੍ਹਾਂ ਕਰਨ ਦਾ ਉਨ੍ਹਾਂ ਨੂੰ ਬਹੁਤ ਦੁੱਖ ਹੋਇਆ। ਦਰਸ਼ਨਾਂ ਦੀ ਅਭਿਲਾਸ਼ੀ ਸੰਗਤ ਗੁਰੂ ਜੀ ਦੇ ਪਿੱਛੇ ਵੱਲਾ ਪਿੰਡ ਪੁੱਜ ਗਈ ਅਤੇ ਜਾ ਕੇ ਮੁਆਫ਼ੀ ਮੰਗੀ। ਸਭ ਤੋਂ ਪਹਿਲਾਂ ਮਾਈਆਂ ਪੁੱਜੀਆਂ ਸਨ, ਜਿਨ੍ਹਾਂ ਨੂੰ ਦੇਖ ਗੁਰੂ ਜੀ ਨੇ ਫ਼ੁਰਮਾਇਆ, "ਮਾਈਆਂ ਰੱਬ ਰਜਾਈਆਂ, ਭਗਤੀ ਲਾਈਆਂ।" ਅੰਮ੍ਰਿਤਸਰ ਦੀ ਸੰਗਤ ਆਪਣੇ ਆਪ ਨੂੰ ਬਹੁਤ ਅਭਾਗੀ ਸਮਝਦੀ ਸੀ ਜਿਹੜੀ ਗੁਰੂ ਜੀ ਦੀ ਕੋਈ ਸੇਵਾ ਨਾ ਕਰ ਸਕੀ, ਜਦੋਂ ਕਿ ਗੁਰੂ ਜੀ ਆਪ ਚੱਲ ਕੇ ਉਨ੍ਹਾਂ ਪਾਸ ਅੰਮ੍ਰਿਤਸਰ ਪੁੱਜੇ ਸਨ। ਸਾਰੀ ਸੰਗਤ ਨੇ ਗੁਰੂ ਜੀ ਅੱਗੇ ਬੇਨਤੀ ਕੀਤੀ, "ਅੰਮ੍ਰਿਤਸਰ ਵਾਪਸ ਚੱਲ ਕੇ ਬਾਕੀ ਸੰਗਤ ਨੂੰ ਵੀ ਦਰਸ਼ਨ ਦੇ ਕੇ ਨਿਹਾਲ ਕਰੋ।" ਗੁਰੂ ਜੀ ਨੇ ਉਨ੍ਹਾਂ ਦੀ ਬੇਨਤੀ ਪ੍ਰਵਾਨ ਨਾ ਕੀਤੀ। ਤਿੰਨ ਦਿਨ ਵੱਲਾ ਪਿੰਡ ਰਹਿ ਕੇ ਸੰਗਤਾਂ ਨੂੰ ਗੁਰ-ਸ਼ਬਦ ਨਾਲ ਜੋੜਦੇ ਹੋਏ ਤਰਨ ਤਾਰਨ ਨੂੰ ਚੱਲ ਪਏ।

# *Visit to Amritsar*

At the time of leaving Amritsar in 1630 A.D., Guru Hargobind had entrusted the management of Harmandir Sahib to Sikh caretakers. Guru Tegh Bahadur was entrusted the responsibility of leading the Sikhs in 1664 A.D. Prithi Chand's grandson Har Ji was looking after maintenance of Harmandir Sahib in those days. He had written some poems and used to get these recited in Harmandir Sahib like the true Word. The Sikhs of Amritsar had gone to Kiratpur and had requested Guru Har Rai to prevent him from propagating his false verses as the true Word. Guru Har Rai did not get an opportunity to go to Amritsar to prevent this false propaganda. To stop this malpractice being carried on at Harmandir Sahib, Guru Tegh Bahadur reached Amritsar on 22nd November, 1664 A.D.

When Har Ji came to know that Guru Tegh Bahadur was coming towards Harmandir Sahib, he got the masands to lock the visiting entrance. On seeing the entrance closed, Guru Tegh Bahadur and the devotees had a dip in the holy pool and started a recitation on a platform near Akal Takht. Makhan Shah stood up with the request, "Respected Guru ! Permit us to punish the masands as we meted out to Dhir Mall." The Guru said, "Makhan Shah ! These people are already dead due to greed. There is no use to punish the dead. No money is more tainted than the money offered in worship. In the greed to get the money offered in worship, they have become devoid of devotion, chastity, virtue and knowledge, so they cannot be prevented from doing misdeeds."

In the evening, Guru Tegh Bahadur left Amritsar for village Walla. When the Sikh devotees of Amritsar came to know that the Guru had come to Amritsar for a visit to Harmandir Sahib but the masands had locked the entrance door before-hand, they were greatly pained at the behaviour of the masands. The Sikhs who were keen for an audience with their Guru, followed him to village Walla and asked for his forgiveness. Women were the first to reach. On seeing them, Guru Tegh Bahadur remarked : "Blessed are the women whose desires have been fulfilled by the Lord and whom Lord has shown the path of devotion." The devotees of Amritsar were feeling unfortunate that the Guru himself had come to Amritsar and they could not render him any service. All the devotees prayed to the Guru, "Please make the rest of Amritsar devotees happy by going back to Amritsar and giving audience." The Guru did not grant their request. After staying for three days at village Walla and bringing Sikhs in tune with the true Word, he set out for Tarn Taran.

# ਅਨੰਦਪੁਰ ਵਸਾਉਣਾ

13 ਮਈ, 1665 ਈ. ਨੂੰ ਰਿਆਸਤ ਕਹਿਲੂਰ ਦੇ ਰਾਜੇ ਦੀਪ ਚੰਦ ਦੀ ਮੌਤ ਹੋ ਗਈ। ਉਸ ਦਾ ਪਿਤਾ ਰਾਜਾ ਤਾਰਾ ਚੰਦ 52 ਰਾਜਿਆਂ ਵਿਚੋਂ ਇਕ ਸੀ, ਜਿਨ੍ਹਾਂ ਨੂੰ ਗੁਰੂ ਹਰਿਗੋਬਿੰਦ ਜੀ ਨੇ ਗਵਾਲੀਅਰ ਦੇ ਕਿਲ੍ਹੇ ਵਿਚੋਂ, ਜਹਾਂਗੀਰ ਬਾਦਸ਼ਾਹ ਦੀ ਨਜ਼ਰਬੰਦੀ ਵਿਚੋਂ ਛੁਡਾਇਆ ਸੀ। ਉਸ ਦਿਨ ਤੋਂ ਰਾਜਾ ਤਾਰਾ ਚੰਦ ਦਾ ਖ਼ਾਨਦਾਨ ਗੁਰੂ-ਘਰ ਦਾ ਬਹੁਤ ਸਤਿਕਾਰ ਕਰਦਾ ਸੀ। ਰਾਜਾ ਦੀਪ ਚੰਦ ਦੀ ਰਾਣੀ ਨੇ ਆਪਣੇ ਪਤੀ ਦੀ ਅੰਤਮ ਕਿਰਿਆ ਦੀ ਰਸਮ ਸਮੇਂ ਗੁਰੂ ਤੇਗ਼ ਬਹਾਦਰ ਜੀ ਨੂੰ ਉਚੇਚਾ ਸੁਨੇਹਾ ਭੇਜ ਕੇ ਬੁਲਾਇਆ।

ਗੁਰੂ ਤੇਗ਼ ਬਹਾਦਰ ਜੀ ਰਾਣੀ ਦੇ ਸੱਦੇ 'ਤੇ ਕਹਿਲੂਰ ਪੁੱਜੇ। ਕਿਰਿਆ ਦੀ ਰਸਮ ਪੂਰੀ ਹੋਣ ਪਿਛੋਂ ਗੁਰੂ ਜੀ ਨੇ ਰਾਣੀ ਨਾਲ ਮਾਖੋਵਾਲ ਪਿੰਡ ਖ਼ਰੀਦਣ ਦੀ ਗੱਲ ਕੀਤੀ। ਰਾਣੀ ਨੇ ਪਿੰਡ ਭੇਟ ਕਰਨਾ ਚਾਹਿਆ ਪਰ ਗੁਰੂ ਜੀ ਨੇ ਮੁੱਲ ਤਾਰੇ ਬਿਨਾਂ ਜ਼ਮੀਨ ਲੈਣ ਤੋਂ ਇਨਕਾਰ ਕਰ ਦਿੱਤਾ। ਉਸ ਪਿਛੋਂ ਗੁਰੂ ਜੀ ਨੇ ਪੰਜ ਸੌ ਰੁਪਏ ਦੇ ਕੇ ਮਾਖੋਵਾਲ ਪਿੰਡ ਆਪਣੇ ਨਾਂ ਕਰਵਾ ਲਿਆ।

ਮਾਖੋਵਾਲ ਪਿੰਡ ਵਿਚ ਇਕ ਦੈਂਤ ਵਰਗਾ ਵੱਡਾ ਡਾਕੂ ਰਹਿੰਦਾ ਸੀ, ਜਿਹੜਾ ਕਿਸੇ ਹੋਰ ਨੂੰ ਪਿੰਡ ਦੇ ਨੇੜੇ-ਤੇੜੇ ਵੱਸਣ ਨਹੀਂ ਸੀ ਦਿੰਦਾ। ਦੂਰ ਦੂਰ ਤਕ ਉਹ ਲੁੱਟਮਾਰ ਕਰਦਾ ਅਤੇ ਪਿਛੋਂ ਭੱਜ ਕੇ ਮਾਖੋਵਾਲ ਆਪਣੇ ਟਿਕਾਣੇ ਆ ਜਾਂਦਾ, ਜਿੱਥੇ ਉਸ ਨੂੰ ਫੜਨਾ ਮੁਸ਼ਕਲ ਸੀ ਕਿਉਂਕਿ ਇੱਥੇ ਉਸ ਦੇ ਛੁਪਣ ਲਈ ਪਹਾੜੀਆਂ ਵਿਚ ਬਹੁਤ ਖੱਡਾਂ ਸਨ।

ਗੁਰੂ ਤੇਗ਼ ਬਹਾਦਰ ਜੀ ਔਰੰਗਜ਼ੇਬ ਦੇ ਵਿਚਾਰਾਂ ਨੂੰ ਸਮਝਦੇ ਸਨ। ਉਨ੍ਹਾਂ ਨੂੰ ਗਿਆਨ ਸੀ ਕਿ ਕਿਵੇਂ ਜ਼ੁਲਮ ਦੇ ਟਾਕਰੇ ਲਈ ਉਨ੍ਹਾਂ ਦੇ ਪਿਤਾ ਗੁਰੂ ਹਰਿਗੋਬਿੰਦ ਜੀ ਨੂੰ ਸ਼ਸਤਰ ਉਠਾਉਣੇ ਪਏ ਸਨ ਅਤੇ ਚਾਰ ਜੰਗਾਂ ਅੰਮ੍ਰਿਤਸਰ ਦੇ ਨੇੜੇ ਲੜਨੀਆਂ ਪਈਆਂ ਸਨ। ਉਹ ਜੰਗਾਂ ਸਰਕਾਰ ਵਲੋਂ ਸ਼ੁਰੂ ਕੀਤੀਆਂ ਗਈਆਂ ਸਨ। ਉਨ੍ਹਾਂ ਚਾਰਾਂ ਵਿਚ ਹੀ ਸਰਕਾਰ ਨੂੰ ਹਾਰ ਦਾ ਮੂੰਹ ਦੇਖਣਾ ਪਿਆ ਸੀ। ਉਹ ਸਮਾਂ ਹੁਣ ਦੂਰ ਨਹੀਂ ਜਦੋਂ ਫਿਰ ਸ਼ਸਤਰ ਉਠਾਉਣੇ ਪੈਣਗੇ। ਇਹ ਜੰਗਾਂ ਪਹਿਲੀਆਂ ਨਾਲੋਂ ਵੱਡੀਆਂ ਹੋਣਗੀਆਂ। ਉਨ੍ਹਾਂ ਜੰਗਾਂ ਲਈ ਮਾਖੋਵਾਲ ਵਰਗੀ ਥਾਂ ਹੀ ਢੁੱਕਵੀਂ ਸੀ, ਕਿਉਂਕਿ ਮਾਖੋਵਾਲ ਪਹਾੜੀ ਇਲਾਕੇ ਵਿਚ ਹੋਣ ਕਾਰਨ ਇਕ ਕੁਦਰਤੀ ਕਿਲ੍ਹਾ ਸੀ। ਇਕ ਪਾਸੇ ਸਤਲੁਜ ਦਰਿਆ, ਦੂਜੇ ਪਾਸੇ ਸਰਸਾ ਨਦੀ ਅਤੇ ਰਹਿੰਦੇ ਪਾਸੇ ਪਹਾੜ ਅਤੇ ਜੰਗਲ। ਇਹ ਥਾਂ ਦਿੱਲੀ ਤੋਂ ਪੇਸ਼ਾਵਰ ਜਾਣ ਵਾਲੀ ਸੜਕ ਤੋਂ ਕੋਈ ਚਾਲੀ ਮੀਲ ਪਹਾੜੀਆਂ ਵੱਲ ਹੋਣ ਕਾਰਨ ਲੜਾਈਆਂ ਲਈ ਬਹੁਤ ਢੁਕਵੀਂ ਸੀ। ਦੁਸ਼ਮਣ ਦੇ ਉਸ ਥਾਂ ਪੁੱਜਣ ਤਕ ਕੋਈ ਨਾ ਕੋਈ ਬਚਾਉ ਕਰਨ ਦਾ ਪ੍ਰਬੰਧ ਕੀਤਾ ਜਾ ਸਕਦਾ ਸੀ।

ਮਾਖੋਵਾਲ ਪਿੰਡ ਦੀ ਜ਼ਮੀਨ ਖ਼ਰੀਦਣ ਪਿੱਛੋਂ, ਗੁਰੂ ਤੇਗ਼ ਬਹਾਦਰ ਜੀ ਨੇ 19 ਜੂਨ, 1665 ਈ. ਨੂੰ ਬਾਬਾ ਬੁੱਢਾ ਜੀ ਦੇ ਪੋਤਰੇ ਬਾਬਾ ਗੁਰਦਿੱਤਾ ਜੀ ਪਾਸੋਂ ਸ਼ਹਿਰ ਦਾ ਨੀਂਹ-ਪੱਥਰ ਰਖਵਾਇਆ ਅਤੇ ਪਿੰਡ ਦਾ ਨਾਂ 'ਚੱਕ ਨਾਨਕੀ' ਰੱਖਿਆ। ਗੁਰੂ ਜੀ ਨੇ ਸ਼ਹਿਰ ਦਾ ਨਕਸ਼ਾ ਆਪ ਬਣਾ ਕੇ ਦਿੱਤਾ, ਜਿਸ ਵਿਚ ਉਨ੍ਹਾਂ ਆਉਣ ਵਾਲੇ ਸਮੇਂ ਵਿਚ ਹੋਣ ਵਾਲੀਆਂ ਜੰਗਾਂ ਦਾ ਖ਼ਾਸ ਖ਼ਿਆਲ ਰਖਦੇ ਹੋਏ, ਸੰਗਤਾਂ ਦੇ ਰਹਿਣ ਦੇ ਮਕਾਨਾਂ, ਬਾਜ਼ਾਰਾਂ ਆਦਿ ਦਾ ਧਿਆਨ ਰੱਖਿਆ ਤਾਂ ਜੋ ਦੁਸ਼ਮਣ ਲਈ ਇਹ ਸ਼ਹਿਰ ਜਿੱਤਣਾ ਸੌਖਾ ਨਾ ਹੋਵੇ। ਚਾਰ ਚੌਕ, ਪੱਕੀਆਂ ਸੜਕਾਂ ਅਤੇ ਪੱਕੀਆਂ ਗਲੀਆਂ ਬਣਵਾਈਆਂ। ਉਸ ਸ਼ਹਿਰ ਦਾ ਨਾਂ, (ਗੁਰੂ) ਗੋਬਿੰਦ ਰਾਏ ਦੇ ਪਟਨੇ ਤੋਂ ਆਉਣ ਪਿਛੋਂ ਬਦਲ ਕੇ 'ਅਨੰਦਪੁਰ' ਰੱਖ ਦਿੱਤਾ ਗਿਆ।


ਅਨੰਦਪੁਰ ਵਸਾਉਣਾ
Colonisation of Anandpur

# Colonisation of Anandpur

Raja Deep Chand, ruler of Kehloor State died on 13th May, 1665 A.D. His father, Raja Tara Chand was one of the fifty-two rulers, whom Guru Hargobind had got released from the Gwalior fort where they had been detained by the King Jahangir of Delhi. From that day the family of Raja Tara Chand greatly respected the Guru's Institution. The Rani (Queen) of Raja Deep Chand called Guru Tegh Bahadur through a special messenger at the time of performing last rites of her husband.

Guru Tegh Bahadur reached Kehloor at the invitation of the queen. After the last rites had been performed, Guru Tegh Bahadur had a talk with the queen for buying the village Makhowal. The queen offered the village as a gift but the Guru refused to take the land without payment. After that Guru Tegh Bahadur gave five hundred rupees and got the village Makhowal transferred in his name.

A notorious decoit with a giantlike body lived in that village, Makhowal, who did not let anyone else settle near the village. He used to commit robberies far and wide and afterwards ran to his place at Makhowal where it was difficult to catch him because there were many gorges in the hills to serve as hideouts.

Guru Tegh Bahadur understood well, what Aurangzeb, the King of Delhi was planning. He knew how his father, Guru Hargobind had to take up arms to face tyranny and fight four battles near Amritsar. Those battles had been started by the government. The government forces had to face defeat in all the four battles. The time was not far off when arms would have to be taken up again. These battles would be bigger than the previous ones. A place like Makhowal was the most suitable for these impending battles because it was a natural fort, being in the mountains. On one side was the river Sutlej, on the other Sirsa river and hills and forests on the remaining sides. Located at a distance of forty miles from Delhi-Peshawar Trunk Road towards the hills, it was very suitable for fighting battles. Some defences could be set up by the time the enemy army reached the place.

After buying the land at village Makhowal, Guru Tegh Bahadur, got the foundation-stone of the city laid from Baba Gurditta, the grandson of Baba Budha, on 19th June, 1665 A.D. and named it Chak Nanaki. Guru Tegh Bahadur himself prepared the map of the city in which the bazars and the residential quarters of the devotees were planned, keeping in view the impending wars so that it may not fall to the enemy easily. Four squares, lined roads and brick lined streets were constructed. The name of the city changed to Anandpur after (Guru) Gobind Rai came from Patna to stay here.



WWW.SIKHBOOKCLUB.COM 

ਸੱਯਦ ਮੂਸਾ ਨੂੰ ਭੁਲੇਖਾ

Misunderstanding of Sayad Moosa



# ਸੱਯਦ ਮੂਸਾ ਨੂੰ ਭੁਲੇਖਾ

ਗੁਰੂ ਤੇਗ਼ ਬਹਾਦਰ ਜੀ ਅਨੰਦਪੁਰ ਦੀ ਉਸਾਰੀ ਕਰਵਾ ਰਹੇ ਸਨ। ਉਨ੍ਹਾਂ ਦਿਨਾਂ ਵਿਚ ਰੋਪੜ ਦਾ ਰਹਿਣ ਵਾਲਾ ਸੱਯਦ ਮੂਸਾ ਅਨੰਦਪੁਰ ਦੇ ਕੋਲ ਦੀ ਲੰਘਿਆ। ਉਸ ਨੇ ਵੱਡੇ ਉੱਚੇ ਮਕਾਨ ਬਣਦੇ ਦੇਖ ਕੇ ਇਕ ਸਿੱਖ ਨੂੰ ਪੁੱਛਿਆ, "ਇਹ ਮਹਿਲਾਂ ਵਰਗੇ ਵੱਡੇ ਅਤੇ ਸੋਹਣੇ ਮਕਾਨ ਕੌਣ ਬਣਵਾ ਰਿਹਾ ਹੈ ?" ਸਿੱਖ ਨੇ ਉੱਤਰ ਦਿੱਤਾ, "ਗੁਰੂ ਤੇਗ਼ ਬਹਾਦਰ ਜੀ, ਜਿਹੜੇ ਗੁਰੂ ਨਾਨਕ ਦੇਵ ਜੀ ਦੀ ਗੱਦੀ 'ਤੇ ਹਨ, ਉਹ ਇਹ ਨਵਾਂ ਸ਼ਹਿਰ ਵਸਾ ਰਹੇ ਹਨ।" ਸੱਯਦ ਮੂਸਾ ਨੇ ਕਿਹਾ, "ਬਾਬਾ ਨਾਨਕ ਤਾਂ ਇਕ ਵੱਡਾ ਵਲੀ ਅਤੇ ਕਰਨੀ ਵਾਲਾ ਪੁਰਖ ਸੀ। ਕੀ ਇਹ ਵੀ ਉਸ ਤਰ੍ਹਾਂ ਦੀ ਸ਼ਕਤੀ ਵਾਲੇ ਹਨ ?" ਸਿੱਖ ਨੇ ਉੱਤਰ ਦਿੱਤਾ, "ਇਹ ਵੀ ਪੂਰਨ ਸ਼ਕਤੀ ਵਾਲੇ ਅਤੇ ਵੈਰਾਗੀ ਹਨ।"

ਸੱਯਦ ਮੂਸਾ ਨੇ ਬੜੇ ਅਚੰਭੇ ਵਿਚ ਪੁੱਛਿਆ, "ਜੇ ਉਹ ਵੈਰਾਗੀ ਹਨ ਤਾਂ ਇਹ ਵੱਡੇ ਵੱਡੇ ਮਹਿਲ ਕਿਉਂ ਬਣਵਾ ਰਹੇ ਹਨ ? ਕੀ ਉਹ ਗ੍ਰਿਹਸਤੀ ਹਨ ਜਾਂ ਫ਼ਕੀਰ ?" ਸਿੱਖ ਨੇ ਉੱਤਰ ਦਿੱਤਾ, "ਗੁਰੂ ਜੀ ਗ੍ਰਿਹਸਤੀ ਹਨ ਜਿਵੇਂ ਗੁਰੂ ਨਾਨਕ ਜੀ ਸਨ।" ਸੱਯਦ ਮੂਸਾ ਨੇ ਕਿਹਾ, "ਮੈਂ ਉਨ੍ਹਾਂ ਨੂੰ ਮਿਲ ਕੇ ਆਪਣੇ ਮਨ ਦਾ ਸ਼ੰਕਾ ਦੂਰ ਕਰਨਾ ਚਾਹੁੰਦਾ ਹਾਂ ਕਿ ਕਿਵੇਂ ਇਕ ਗ੍ਰਿਹਸਤੀ ਦੁਨੀਆਂ ਦੀ ਮਾਇਆ ਵਿਚ ਰਹਿੰਦਾ ਹੋਇਆ ਮਾਇਆ ਦਾ ਮੋਹ ਤਿਆਗ ਸਕਦਾ ਹੈ ਅਤੇ ਵੈਰਾਗੀ ਹੋ ਸਕਦਾ ਹੈ।" ਸਿੱਖ ਸੱਯਦ ਮੂਸਾ ਨੂੰ ਗੁਰੂ ਜੀ ਪਾਸ ਲੈ ਗਿਆ।

ਗੁਰੂ ਜੀ ਨੇ ਸੱਯਦ ਮੂਸਾ ਨੂੰ ਆਪਣੇ ਪਾਸ ਬੜੇ ਸਤਿਕਾਰ ਨਾਲ ਬਿਠਾ ਕੇ ਪੁੱਛਿਆ, "ਮੈਨੂੰ ਆਪਣਾ ਸਵਾਲ ਦੱਸੋ, ਮੈਂ ਆਪ ਦੇ ਮਨ ਦਾ ਭਰਮ ਦੂਰ ਕਰਾਂਗਾ।" ਸੱਯਦ ਮੂਸਾ ਨੇ ਗੁਰੂ ਜੀ ਨੂੰ ਸਵਾਲ ਕੀਤਾ, "ਆਪ ਗ੍ਰਿਹਸਤੀ ਹੋ ਅਤੇ ਵੱਡੇ ਵੱਡੇ ਮਹਿਲ ਉਸਾਰ ਰਹੇ ਹੋ। ਜੇ ਆਪ ਨੂੰ ਮਾਇਆ ਨਾਲ ਮੋਹ ਨਹੀਂ ਤਾਂ ਫਿਰ ਇਹ ਵੱਡੇ ਵੱਡੇ ਮਕਾਨ ਕਿਉਂ ਬਣਵਾ ਰਹੇ ਹੋ ?" ਗੁਰੂ ਜੀ ਨੇ ਕਿਹਾ, "ਅੱਜ ਦੀ ਰਾਤ ਤੁਸੀਂ ਸਾਡੇ ਪਾਸ ਰਹੋ, ਸਵੇਰੇ ਚਲੇ ਜਾਣਾ। ਸਵੇਰ ਤੱਕ ਆਪ ਦੇ ਸਵਾਲ ਦਾ ਉੱਤਰ ਆਪ ਨੂੰ ਮਿਲ ਜਾਵੇਗਾ।"

ਸ਼ਾਮ ਨੂੰ ਸੱਯਦ ਮੂਸਾ ਨੇ ਲੰਗਰ ਵਿਚ ਪ੍ਰਸ਼ਾਦ ਛਕਿਆ। ਸੇਵਾਦਾਰ ਨੇ ਉਸ ਨੂੰ ਮੰਜਾ ਅਤੇ ਬਿਸਤਰਾ ਦੇ ਦਿੱਤਾ। ਉਹ ਇਕ ਕਮਰੇ ਵਿਚ ਮੰਜੇ ਉੱਪਰ ਬਿਸਤਰਾ ਵਿੱਛਾ ਕੇ ਆਰਾਮ ਨਾਲ ਸੌਂ ਗਿਆ। ਰਾਤ ਨੂੰ ਬੜੇ ਜ਼ੋਰਾਂ ਦੀ ਬਾਰਸ਼ ਹੋਣ ਲੱਗੀ ਅਤੇ ਹਵਾ ਚੱਲਣ ਲੱਗੀ। ਮੀਂਹ ਅਤੇ ਹਵਾ ਦੇ ਰੌਲੇ ਨਾਲ ਉਸ ਦੀ ਨੀਂਦ ਖੁੱਲ੍ਹ ਗਈ। ਜਾਗ ਆਉਣ 'ਤੇ ਉਹ ਸੋਚਣ ਲੱਗਾ ਕਿ ਜੇ ਉਹ ਇਸ ਮੀਂਹ ਵਿਚ ਬਾਹਰ ਹੁੰਦਾ ਤਾਂ ਉਸ ਦਾ ਕਿੰਨਾ ਬੁਰਾ ਹਾਲ ਹੋਣਾ ਸੀ। ਇਹ ਕਮਰਾ, ਮੰਜਾ ਅਤੇ ਬਿਸਤਰਾ, ਆਦਿ ਵਸਤੂਆਂ, ਸਭ ਗ੍ਰਿਹਸਤੀਆਂ ਦੀ ਹੀ ਦੇਣ ਹਨ। ਗੁਰੂ, ਗ੍ਰਿਹਸਤੀਆਂ ਪਾਸੋਂ ਇਕੱਠੀ ਹੁੰਦੀ ਮਾਇਆ ਸਾਰਿਆਂ ਦੇ ਭਲੇ ਲਈ ਖ਼ਰਚ ਕਰਦੇ ਹਨ। ਇਨ੍ਹਾਂ ਨੂੰ ਮਾਇਆ ਇਕੱਠੀ ਕਰਨ ਦਾ ਕੋਈ ਲਾਲਚ ਨਹੀਂ। ਇਹ ਗ੍ਰਿਹਸਤੀ ਹੁੰਦੇ ਹੋਏ ਵੀ ਤਿਆਗੀ ਹਨ। ਸਵੇਰ ਨੂੰ ਜਾਣ ਲੱਗੇ ਸੱਯਦ ਮੂਸਾ ਨੇ ਗੁਰੂ ਜੀ ਨੂੰ ਕਿਹਾ, "ਮੇਰੇ ਮਨ ਦਾ ਸ਼ੰਕਾ ਦੂਰ ਹੋ ਗਿਆ ਹੈ। ਮੈਨੂੰ ਪਤਾ ਚੱਲ ਗਿਆ ਹੈ ਕਿ ਗ੍ਰਿਹਸਤੀ ਹੀ ਰਿਸ਼ੀਆਂ-ਮੁਨੀਆਂ ਦੇ ਜਨਮਦਾਤਾ ਹਨ, ਸਾਰਿਆਂ ਦੇ ਅੰਨਦਾਤਾ ਅਤੇ ਆਰਾਮਦਾਤਾ ਹਨ।

# *Misunderstanding of Sayad Moosa*

Guru Tegh Bahadur was getting the construction of Anandpur done under his own supervision. One day Sayad Moosa,resident of Ropar city passed by Anandpur. Seeing big and tall buildings being constructed, he asked a Sikh, "Who is getting these big palace-like houses constructed ?" The Sikh replied, "Guru Tegh Bahadur, who is leading the Sikhs on the path of Guru Nanak, is founding a new city." Sayad Moosa said, "Baba Nanak was a great prophet and a man of deeds. Does Guru Tegh Bahadur have similar qualities ?" The Sikh replied, "He has the same great power of Guru Nanak and is an ascetic."

Sayad Moosa asked in great amazement, "Why is he getting these big palaces constructed if he is a recluse ? Is he a house-holder or an ascetic ?" The Sikh replied, "He is a house-holder as Guru Nanak was." Sayad Moosa said, "I want to meet him and clear the doubt that how a house-holder living in the midst of temptations of this world can shun the love for worldly wealth and be an ascetic." The Sikh took Sayad Moosa to Guru Tegh Bahadur.

Guru Tegh Bahadur seated Sayad Moosa near him showing great reverence and said, "Please ask your questions, I shall clear your doubts." Sayad Moosa asked Guru Tegh Bahadur, "You are a house-holder and constructing big palaces. If you have no love for worldly belongings, why are you getting these big houses constructed ?" The Guru said, "Please stay for the night with us. You may go tomorrow. You will get the answer of your question by tomorrow."

Sayad Moosa had his meals in the community kitchen in the evening. The attendant gave him a cot and bedding. He spread the bedding on the cot in a room and went to sleep. It started raining heavily and the gale started. The sound of the rain and the wind woke him up. On waking up, he began to think what his plight would have been if he was out in the open, in this storm. The things such as the cot, the bedding and the room were provided by the house-holders. The Guru spent the money collected from the house-holders for the welfare of all. He has no greed to amass wealth. He is an ascetic in spite of being house-holder. At the time of departure in the morning, Sayad Moosa said to Guru Tegh Bahadur, "The misunderstanding in my mind has been dispelled. I have come to know that these are the house-holders who are the creators of the saints and hermits and providers of food and comfort to all.

# ਅਭਿਮਾਨ ਦੇ ਰੋਗੀ

ਗੁਰੂ ਤੇਗ਼ ਬਹਾਦਰ ਜੀ 1665 ਈ. ਵਿਚ ਮਾਲਵੇ ਦੇਸ਼ ਦੀ ਫੇਰੀ ਸਮੇਂ ਹਢਯਾਇਆ ਪਿੰਡ ਪੁਜੇ। ਪਿੰਡ ਤੋਂ ਬਾਹਰ ਉਨ੍ਹਾਂ ਇਕ ਵੱਡੇ ਬੋਹੜ ਦੇ ਦਰੱਖ਼ਤ ਦੀ ਛਾਂ ਹੇਠਾਂ ਡੇਰਾ ਕੀਤਾ। ਉਸੇ ਬੋਹੜ ਦੀ ਛਾਂ ਹੇਠ, ਇਕ ਆਦਮੀ ਮੰਜੇ ਉੱਪਰ ਪਿਆ ਸੀ। ਉਸ ਨੂੰ ਬਹੁਤ ਜ਼ੋਰ ਦਾ ਬੁਖ਼ਾਰ ਸੀ ਅਤੇ ਤਪਾਲੀ ਰੋਗ ਲੱਗਾ ਹੋਇਆ ਸੀ। ਤਪਾਲੀ ਦੇ ਰੋਗੀ ਦੇ ਗਲੇ ਵਿਚ ਫੋੜਾ ਨਿਕਲ ਆਉਂਦਾ ਹੈ, ਜਿਸ ਨਾਲ ਉਸਦਾ ਗਲਾ ਘੁੱਟਿਆ ਜਾਂਦਾ ਹੈ ਅਤੇ ਉਸ ਨੂੰ ਸਾਹ ਲੈਣਾ ਮੁਸ਼ਕਲ ਹੋ ਜਾਂਦਾ ਹੈ। ਸਾਹ ਨਾ ਆਉਣ ਕਾਰਨ ਮਰੀਜ਼ ਤੜਫ ਤੜਫ ਕੇ ਮਰ ਜਾਂਦਾ ਹੈ।

ਗੁਰੂ ਜੀ ਨੇ ਉਸ ਨੂੰ ਪੁੱਛਿਆ, "ਤੂੰ ਆਪਣੇ ਘਰ ਜਾ ਕੇ ਆਰਾਮ ਕਿਉਂ ਨਹੀਂ ਕਰਦਾ ? ਇੱਥੇ ਤੂੰ ਇਕੱਲਾ ਮੰਜੇ ਉੱਪਰ ਪਿਆ ਹੈਂ। ਤੇਰੀ ਦੇਖਭਾਲ ਵੀ ਕੋਈ ਨਹੀਂ ਕਰਦਾ।" ਉਸ ਨੇ ਉੱਤਰ ਦਿੱਤਾ, "ਇਸ ਪਿੰਡ ਵਿਚ ਇਸ ਰੋਗ ਦਾ ਬਹੁਤ ਜ਼ੋਰ ਹੈ। ਲੋਕ ਬਹੁਤ ਤੰਗ ਹਨ। ਪਿੰਡ ਵਿੱਚ ਬਹੁਤ ਸਾਰੇ ਇਸ ਰੋਗ ਨਾਲ ਮਰ ਵੀ ਗਏ ਹਨ। ਮੈਂ ਆਪਣੇ ਘਰ ਵਾਲਿਆਂ ਨੂੰ ਇਹ ਰੋਗ ਨਹੀਂ ਦੇਣਾ ਚਾਹੁੰਦਾ, ਇਸ ਲਈ ਮੈਂ ਬਾਹਰ ਇਸ ਬੋਹੜ ਥੱਲੇ ਮੰਜਾ ਰੱਖ ਕੇ ਪੈ ਗਿਆ ਹਾਂ। ਘਰ ਵਾਲੇ ਰੋਟੀ ਪਾਣੀ ਇੱਥੇ ਪਏ ਨੂੰ ਦੇ ਜਾਂਦੇ ਹਨ। ਹੇ ਭਗਤ ਜੀ! ਮੇਰੇ ਉੱਪਰ ਕ੍ਰਿਪਾ ਕਰੋ। ਮੈਨੂੰ ਇਸ ਰੋਗ ਤੋਂ ਛਡਾਉ।"

ਗੁਰੂ ਜੀ ਨੇ ਕਿਹਾ, "ਤੁਹਾਡੇ ਪਿੰਡ ਵਾਲਿਆਂ ਆਪਣੀ ਉੱਚ ਜਾਤੀ ਦੇ ਅਭਿਮਾਨ ਵਿਚ ਆ ਕੇ ਕਿਸੇ ਨਿਰਦੋਸ਼ੇ ਗ਼ਰੀਬ ਨੂੰ ਤੰਗ ਕੀਤਾ ਹੈ, ਜਿਸ ਕਾਰਨ ਤੁਸਾਂ ਸਾਰਿਆਂ ਨੂੰ ਇਸ ਰੋਗ ਨੇ ਆ ਘੇਰਿਆ ਹੈ। ਇਸ ਦਾ ਸਿਰਫ਼ ਇਕ ਦਾਰੂ ਹੈ। ਜਿਹੜਾ ਵੀ ਰੋਗੀ ਇਸ ਚਮਾਰਾਂ ਦੀ ਛਪੜੀ ਵਿਚ ਇਸ਼ਨਾਨ ਕਰੇਗਾ ਉਸ ਦਾ ਰੋਗ ਦੂਰ ਹੋ ਜਾਵੇਗਾ।" ਗੁਰੂ ਜੀ ਦਾ ਹੁਕਮ ਮੰਨ ਕੇ ਉਸ ਰੋਗੀ ਨੇ ਚਮਾਰਾਂ ਦੀ ਛਪੜੀ ਵਿਚ ਇਸ਼ਨਾਨ ਕਰ ਲਿਆ, ਜਿਸ ਨਾਲ ਉਸ ਦਾ ਬੁਖ਼ਾਰ ਹਟ ਗਿਆ ਅਤੇ ਉਸਦੇ ਗਲ ਦਾ ਦੁੱਖ ਦੂਰ ਹੋ ਗਿਆ। ਉਸ ਨੇ ਆਪਣੇ ਘਰ ਜਾ ਕੇ ਦੱਸਿਆ ਕਿ ਕਿਵੇਂ ਉਸਦਾ ਰੋਗ ਛਪੜੀ ਵਿਚ ਨਹਾਉਣ ਨਾਲ ਦੂਰ ਹੋਇਆ ਸੀ।

ਸਾਰੇ ਪਿੰਡ ਵਾਲਿਆਂ ਨੂੰ ਉਸ ਦੇ ਰੋਗ ਦੂਰ ਹੋਣ ਦਾ ਪਤਾ ਲੱਗ ਗਿਆ। ਪਿੰਡ ਦੇ ਸਾਰੇਂ ਰੋਗੀ, ਬਿਨਾਂ ਕਿਸੇ ਘਿਰਣਾ ਅਤੇ ਅਭਿਮਾਨ ਤੋਂ, ਚਮਾਰਾਂ ਦੀ ਉਸ ਛਪੜੀ ਵਿਚ ਇਸ਼ਨਾਨ ਕਰ ਕੇ ਠੀਕ ਹੋਣ ਲੱਗੇ। ਰੋਗ ਤੋਂ ਛੁਟਕਾਰਾ ਪਾਉਣ ਪਿੱਛੋਂ ਪਿੰਡ ਦੇ ਸਾਰੇ ਲੋਕ ਗੁਰੂ ਜੀ ਦੇ ਚਰਨੀ ਆ ਲੱਗੇ। ਗੁਰੂ ਜੀ ਨੇ ਉਨ੍ਹਾਂ ਨੂੰ ਕਿਹਾ, "ਸਾਰੇ ਅਮੀਰਾਂ, ਗ਼ਰੀਬਾਂ, ਉੱਚ ਜਾਤੀ ਅਤੇ ਅਛੂਤ ਜਾਤੀ ਦਾ ਪਿਤਾ ਇਕ ਪ੍ਰਮਾਤਮਾ ਹੈ, ਫਿਰ ਉੱਚ ਜਾਤੀ ਵਾਲਿਆਂ ਦਾ ਅਛੂਤਾਂ ਨੂੰ ਨਫ਼ਰਤ ਕਰਨਾ ਨਹੀਂ ਬਣਦਾ। ਹੱਕ ਹਲਾਲ ਦੀ ਕਮਾਈ ਕਰਨ ਵਾਲੇ ਸਭ ਬਰਾਬਰ ਹਨ। ਦੂਜਿਆਂ ਨੂੰ ਨਫ਼ਰਤ ਕਰਨ ਵਾਲਾ ਆਪ ਦੁੱਖ ਪਾਉਂਦਾ ਹੈ, ਜਿਵੇਂ ਨਫ਼ਰਤ ਕਰਕੇ ਤੁਸੀਂ ਦੁੱਖ ਪਾ ਰਹੇ ਸੀ।" ਪਿੰਡ ਵਾਲਿਆਂ ਪ੍ਰਣ ਕੀਤਾ ਕਿ ਅੱਗੇ ਲਈ ਉਹ ਅਛੂਤਾਂ ਨੂੰ ਨਫ਼ਰਤ ਨਹੀਂ ਕਰਨਗੇ। ਪਿੰਡ ਵਾਲਿਆਂ ਉਸ ਛਪੜੀ ਨੂੰ ਸਰੋਵਰ ਵਿਚ ਬਦਲ ਕੇ ਉਸ ਦਾ ਨਾਂ 'ਗੁਰੂਸਰ' ਰੱਖ ਦਿੱਤਾ ਅਤੇ ਸਰੋਵਰ ਦੇ ਨਾਲ ਮੁਸਾਫ਼ਰਾਂ ਦੇ ਆਰਾਮ ਕਰਨ ਲਈ ਇਕ ਸਰਾਂਅ ਬਣਾ ਦਿੱਤੀ।


ਅਭਿਮਾਨ ਦੇ ਰੋਗੀ
Victims of Pride

# *Victims of Pride*

During his tour of Malwa in 1665 A.D., Guru Tegh Bahadur reached village Hadiaya. He camped outside the village in the shade of a big banyan tree. Under the shade of the same tree, a man was lying on a cot. He had a high fever and was suffering from scrofula. The person suffering from scrofula has ulcer in the throat due to which he is choked and it becomes difficult for him to breathe. The patient dies in a great agony due to suffocation.

The Guru asked him, "Why don't you go to your house and rest ? You are lying here alone on the cot. Nobody even looks after you." He replied, "This disease is ragging in the village. The people are suffering badly. Many have even died of this disease in the village. I don't want the people at home to get this disease from me. So I am lying outside the village on this cot, under the shade of this tree. My people give me food and water here. O' man of God ! Be kind to me. Save me from this disease."

The Guru said, "In their pride of high caste, the people of your village have tortured someone poor and innocent,due to which all of you have been afflicted by this disease. There is only one cure for it. The patient who bathes in this pond of the leatherworkers will be healed." Obeying the command of the Guru, that man took a dip in the pond of the leatherworkers by which his fever was gone and the affliction in his throat was cured. He went to his house and narrated how he had been cured by bathing in the pond.

All the people of the village came to know of his cure. The patients of the village began bathing in that pond of the leatherworkers without any pride or hate and were healed. Having got rid of the affliction, all the people of the village came to the Guru and offered obeisance. The Guru said to them, "There is one Lord who is the father of all the rich and the poor, those of high and the low caste. So it is not right for the high caste to hate the untouchables. All those who earn their livelihood by honest labour are equal. One who hates others inflicts suffering on himself in the way you were suffering due to hate." The people of the village resolved that they would not hate the untouchables in future. The villagers converted that pond in a pool naming it "Gurusar" and constructed an inn near the pool for the travellers' comfort.


Prohibition from Smoking
ਤਮਕੂ ਤੋਂ ਰੋਕਣ
Kanhi

# ਤਮਾਕੂ ਤੋਂ ਰੋਕਣਾ

ਗੁਰੂ ਤੇਗ਼ ਬਹਾਦਰ ਜੀ ਮਾਲਵੇ ਦੇ ਦੌਰੇ ਸਮੇਂ ਕੈਥਲ ਤੋਂ ਬਾਰਨਾ ਪਿੰਡ ਪੁੱਜੇ। ਪਿੰਡ ਤੋਂ ਬਾਹਰ ਇਕ ਆਦਮੀ ਨੂੰ ਗੁਰੂ ਜੀ ਨੇ ਪੁੱਛਿਆ, "ਭਾਈ, ਇਸ ਪਿੰਡ ਵਿਚ ਕੋਈ ਗੁਰੂ ਨਾਨਕ ਦਾ ਸਿੱਖ ਰਹਿੰਦਾ ਹੈ?" ਉਸ ਨੇ ਉੱਤਰ ਦਿੱਤਾ, "ਇਕ ਜ਼ਿਮੀਂਦਾਰ ਸਿੱਖ ਹੈ।" ਗੁਰੂ ਜੀ ਨੇ ਉਸ ਨੂੰ ਕਿਹਾ, "ਜਾ ਕੇ ਉਸ ਨੂੰ ਕਹਿ ਦੇ ਕਿ ਤੇਰਾ ਗੁਰੂ ਆਇਆ ਹੈ ਅਤੇ ਤੈਨੂੰ ਬੁਲਾ ਰਿਹਾ ਹੈ।" ਉਹ ਆਦਮੀ ਜ਼ਿਮੀਂਦਾਰ ਨੂੰ ਗੁਰੂ ਜੀ ਪਾਸ ਬੁਲਾ ਕੇ ਲੈ ਆਇਆ।

ਉਸ ਸਿੱਖ ਨੇ ਆ ਕੇ ਗੁਰੂ ਜੀ ਨੂੰ ਚਰਨ-ਬੰਦਨਾ ਕੀਤੀ ਬੇਨਤੀ ਕੀਤੀ, "ਤੁਸੀਂ ਮੇਰੇ ਘਰ ਚਲ ਕੇ ਬਿਰਾਜਮਾਨ ਹੋਵੋ। ਮੈਂ ਇਨ੍ਹਾਂ ਆਦਮੀਆਂ ਕੋਲੋਂ ਆਪਣੇ ਖੇਤ ਦੀ ਮਿਣਤੀ ਕਰਵਾ ਕੇ ਬੜੀ ਜਲਦੀ ਵਾਪਸ ਆ ਜਾਵਾਂਗਾ। ਇਨ੍ਹਾਂ ਨੇ ਮੇਰੇ ਖੇਤ ਦੀ ਮਿਣਤੀ ਕਰ ਕੇ ਮੇਰਾ ਮਾਲੀਆ ਬਣਾਉਣਾ ਹੈ।" ਜ਼ਿਮੀਂਦਾਰ ਗੁਰੂ ਜੀ ਪਾਸੋਂ ਆਗਿਆ ਲੈ ਕੇ ਇੰਤਜ਼ਾਰ ਕਰ ਰਹੇ ਆਦਮੀਆਂ ਨੂੰ ਨਾਲ ਲੈ ਕੇ ਖੇਤ ਵਿਚ ਪੁੱਜ ਗਿਆ। ਖੇਤ ਦੀ ਮਿਣਤੀ ਕੀਤੀ ਗਈ, ਜਿਹੜੀ ਪਿਛਲੇ ਸਾਲਾਂ ਨਾਲੋਂ ਅੱਧੀ ਬਣੀ। ਅੱਧੀ ਮਿਣਤੀ ਹੋਣ ਨਾਲ ਉਸ ਦਾ ਮਾਲੀਆ ਵੀ ਅੱਧਾ ਹੋ ਗਿਆ। ਆਪਣਾ ਮਾਲੀਆ ਅੱਧਾ ਹੋਇਆ ਦੇਖ ਕੇ ਉਸ ਨੂੰ ਗੁਰੂ ਜੀ ਉੱਪਰ ਪੂਰਾ ਭਰੋਸਾ ਬੱਝ ਗਿਆ, ਜਿਨ੍ਹਾਂ ਦੇ ਦਰਸ਼ਨਾਂ ਨਾਲ ਉਸ ਦਾ ਮਾਲੀਆ ਅੱਧਾ ਹੋਇਆ ਸੀ।

ਉਸ ਸਿੱਖ ਨੇ ਖੇਤਾਂ ਤੋਂ ਵਾਪਸ ਘਰ ਪੁੱਜ ਕੇ ਗੁਰੂ ਜੀ ਦੀ ਬਹੁਤ ਸੇਵਾ ਕੀਤੀ। ਗੁਰੂ ਜੀ ਨੇ ਉਸ ਨੂੰ ਕਿਹਾ, "ਭਾਈ ਸਿੱਖਾ, ਤੂੰ ਤਮਾਕੂ ਦੀ ਵਰਤੋਂ ਤਿਆਗ ਦੇ। ਇਸ ਨੂੰ ਹੱਥ ਤਕ ਨਾ ਲਗਾਵੀਂ। ਜੇ ਤੁਸੀਂ ਘਰ ਵਿਚ ਇਸ ਦੀ ਵਰਤੋਂ ਕਰੋਗੇ ਤਾਂ ਘਰ ਵਿਚ ਬੀਮਾਰੀਆਂ ਦੇ ਨਾਲ ਨਾਲ ਗ਼ਰੀਬੀ ਵੀ ਆ ਜਾਵੇਗੀ।"

ਉਨ੍ਹਾਂ ਦਿਨਾਂ ਵਿਚ ਤਮਾਕੂ ਦੀ ਵਰਤੋਂ ਅਮੀਰਾਂ ਦੇ ਨਾਲ ਨਾਲ ਗ਼ਰੀਬਾਂ ਵਿਚ ਵੀ ਬਹੁਤ ਵਧ ਗਈ ਸੀ, ਕਿਉਂਕਿ ਤਮਾਕੂ ਬਹੁਤ ਸਸਤਾ ਨਸ਼ਾ ਸੀ। ਇਸ ਦਾ ਨਸ਼ਾ ਦਿਮਾਗ਼ ਉੱਪਰ ਇਕੋ ਵਾਰੀ ਸਭ ਕੁਝ ਭੁਲਾ ਦੇਣ ਵਾਲਾ ਅਸਰ ਨਹੀਂ ਕਰਦਾ ਜਿਵੇਂ ਕਿ ਚਰਸ, ਭੰਗ, ਸ਼ਰਾਬ ਆਦਿ ਕਰਦੇ ਹਨ ਅਤੇ ਜਿਨ੍ਹਾਂ ਨੂੰ ਸਾਰੇ ਧਰਮ ਵਰਜਦੇ ਸਨ। ਫਿਰ ਵੀ ਤਮਾਕੂ ਦਾ ਅਸਰ ਸਰੀਰ ਅਤੇ ਮਨ ਉੱਪਰ ਦੂਜਿਆਂ ਨਸ਼ਿਆਂ ਵਰਗਾ ਭੈੜਾ ਹੀ ਹੁੰਦਾ ਹੈ। ਸਿੱਖ ਧਰਮ ਤੋਂ ਬਿਨਾਂ ਦੂਜੇ ਧਰਮਾਂ ਨੇ ਇਸ ਨਸ਼ੇ ਦੀ ਕਦੇ ਮਨਾਹੀ ਨਹੀਂ ਕੀਤੀ। ਸਿੱਖਾਂ ਤੋਂ ਬਿਨਾਂ ਇਸ ਨੂੰ ਸਾਰਿਆਂ ਅਪਣਾ ਲਿਆ। ਇਸ ਦੀ ਮੰਗ ਦਿਨੋਂ-ਦਿਨ ਵਧਣ ਲੱਗੀ ਸੀ। ਮੰਗ ਪੂਰੀ ਕਰਨ ਲਈ ਲੋਕਾਂ ਤਮਾਕੂ ਬੀਜਣਾ ਸ਼ੁਰੂ ਕਰ ਦਿੱਤਾ ਸੀ।

ਗੁਰੂ ਤੇਗ਼ ਬਹਾਦਰ ਜੀ ਨੇ ਆਪਣੇ ਸਿੱਖ ਨੂੰ ਇਸ ਦੀ ਵਰਤੋਂ ਤੋਂ ਹੀ ਨਹੀਂ ਸਗੋਂ ਇਸ ਨੂੰ ਹੱਥ ਲਗਾਉਣ ਤੋਂ ਵੀ ਵਰਜਿਆ ਸੀ, ਕਿਉਂਕਿ ਤਮਾਕੂ ਦੀ ਵਰਤੋਂ ਜੇ ਸਿੱਖ ਦੇ ਘਰ ਬੀਮਾਰੀ ਅਤੇ ਗ਼ਰੀਬੀ ਲਿਆ ਸਕਦੀ ਸੀ ਤਾਂ ਸਾਰਿਆਂ ਦਾ ਭਲਾ ਚਾਹੁਣ ਵਾਲੇ ਗੁਰੂ ਆਪਣੇ ਸਿੱਖ ਨੂੰ ਇਹ ਖੁੱਲ੍ਹ ਕਿਵੇਂ ਦੇ ਸਕਦੇ ਸਨ ਕਿ ਉਹ ਦੂਜਿਆਂ ਲਈ ਤਮਾਕੂ ਖੇਤਾਂ ਵਿਚ ਪੈਦਾ ਕਰਦਾ ਰਹੇ।

# *Prohibition from Smoking*

During his tour of Malwa, Guru Tegh Bahadur reached village Barna from Kaithal. He inquired of a man outside the village, "Brother, does any Sikh of Guru Nanak live in this village ?" He replied, "There is one farmer who is Guru Nanak's Sikh." The Guru said to him, "Please go and tell him that your Guru is outside the village and calls you." That man went and brought the farmer to the Guru.

That Sikh came, touched the feet of the Guru in reverence and requested, "Please honour me by going to my house and make yourself comfortable there. I shall be back in a short time after getting my fields measured by these men. They are to measure my fields to calculate land revenue payable by me." Taking leave of the Guru, the farmer went to his fields with the waiting men. The fields were measured and the measurement came to half of what it used to be in the previous years. This resulted in the land revenue coming to half. Seeing his taxes coming to half, his belief in the Guru was complete because by the honour of seeing the Guru, his land revenue was reduced to half.

That Sikh, served the Guru with great devotion on his return from the fields. The Guru said to him, "My dear Sikh give up the use of tobacco. Do not even touch it. If you bring it in the house, not only disease but poverty also will harass you."

In those days smoking was increasing not only among the rich but also among the poor because tobacco was cheap. Tobacco does not act like other intoxicants such as hump, cannabis or alcohol which have a sudden benumbing effect on the mind and which were forbidden by all religions at that time but not tobacco. However it effects the body and mind as badly as the other intoxicants do. No other religion except the Sikh faith has prohibited the use of tobacco. All except the Sikhs adopted it. Its demand was increasing day by day. To meet the demand, people had started its cultivation.

Guru Tegh Bahadur had not only prohibited his Sikh from smoking but had also asked him not to touch it, because if the use of tobacco could bring disease and poverty to a Sikh, how could the Guru, who wished welfare of everybody, allow his Sikh to produce tobacco in his fields for others.

# ਥਨੇਸਰ ਦੀ ਸਾਖੀ

ਗੁਰੂ ਤੇਗ਼ ਬਹਾਦਰ ਜੀ ਬਾਰਨਾ ਪਿੰਡ ਵਿਚ ਤਮਾਕੂ ਦੀ ਵਰਤੋਂ ਤੋਂ ਵਰਜਦੇ ਹੋਏ ਅਤੇ ਭੁੱਲਿਆਂ ਨੂੰ ਸਿੱਧੇ ਰਸਤੇ ਪਾਉਂਦੇ ਹੋਏ ਥਨੇਸਰ ਸ਼ਹਿਰ ਪੁੱਜੇ। ਉਨ੍ਹਾਂ ਨੇ ਸਰਸਵਤੀ ਨਦੀ ਦੇ ਕਿਨਾਰੇ ਡੇਰਾ ਕੀਤਾ। ਗੁਰੂ ਜੀ ਨੇ ਕੀਰਤਨੀਆਂ ਪਾਸੋਂ ਦੀਵਾਨ ਆਰੰਭ ਕਰਵਾ ਦਿੱਤਾ ਅਤੇ ਸਿੱਖਾਂ ਨੇ ਲੰਗਰ ਤਿਆਰ ਕਰ ਕੇ ਦਰਸ਼ਨਾਂ ਨੂੰ ਆਉਣ ਵਾਲੀ ਸੰਗਤ ਨੂੰ ਵਰਤਾਉਣਾ ਸ਼ੁਰੂ ਕਰ ਦਿੱਤਾ। ਉਸ ਦਿਨ ਸੂਰਜ ਗ੍ਰਹਿਣ ਲੱਗਣਾ ਸੀ। ਇਸ ਲਈ ਨਦੀ ਦੇ ਕਿਨਾਰੇ ਉੱਪਰ ਇਸ਼ਨਾਨ ਕਰ ਕੇ ਪਿਛਲੇ ਕੀਤੇ ਪਾਪਾਂ ਦੇ ਫਲ ਧੋਣ ਵਾਲਿਆਂ ਦੀ ਬਹੁਤ ਭੀੜ ਸੀ।

ਸੂਰਜ ਗ੍ਰਹਿਣ ਦੇ ਸ਼ੁਰੂ ਹੋਣ ਉਪ੍ਰੰਤ ਵੀ ਕੀਰਤਨੀਏ ਸ਼ਬਦ ਕੀਰਤਨ ਕਰਦੇ ਰਹੇ ਅਤੇ ਗੁਰੂ ਦਾ ਲੰਗਰ ਅਤੁੱਟ ਚਲਦਾ ਰਿਹਾ। ਲੋੜਵੰਦ ਗੁਰੂ ਦੇ ਲੰਗਰ ਵਿਚ ਪ੍ਰਸ਼ਾਦਾ ਛਕਦੇ ਰਹੇ। ਗੁਰੂ ਜੀ ਨੇ ਅਤੇ ਸਿੱਖਾਂ ਨੇ ਸੂਰਜ ਗ੍ਰਹਿਣ ਵਲ ਕੋਈ ਧਿਆਨ ਨਾ ਦਿੱਤਾ। ਗ੍ਰਹਿਣ ਲੱਗਣ ਸਮੇਂ ਨਾ ਗੁਰੂ ਜੀ ਅਤੇ ਨਾ ਹੀ ਕੋਈ ਸਿੱਖ ਉਚੇਚਾ ਨਦੀ ਵਿਚ ਇਸ਼ਨਾਨ ਕਰਨ ਗਿਆ। ਸਿੱਖਾਂ ਨੂੰ ਰੋਟੀਆਂ ਖਾਂਦੇ ਦੇਖ ਕੇ ਕੁਝ ਬ੍ਰਾਹਮਣ ਗੁਰੂ ਜੀ ਪਾਸ ਆਏ ਅਤੇ ਕਹਿਣ ਲੱਗੇ, "ਸੂਰਜ ਗ੍ਰਹਿਣ ਲੱਗਿਆ ਹੋਇਆ ਹੈ। ਇਸ ਸ਼ੁਭ ਸਮੇਂ ਆਪ ਚੱਲ ਕੇ ਨਦੀ ਵਿਚ ਇਸ਼ਨਾਨ ਕਰ ਕੇ ਆਪਣੇ ਪਿਛਲੇ ਕੀਤੇ ਬੁਰੇ ਕਰਮਾਂ ਦੇ ਫਲ ਧੋ ਲਵੋ ਅਤੇ ਆਪਣੇ ਸਿੱਖਾਂ ਨੂੰ ਵੀ ਆਖੋ ਕਿ ਉਹ ਵੀ ਇਸ਼ਨਾਨ ਕਰ ਕੇ ਪਾਪਾਂ ਦੇ ਫਲ ਧੋ ਕੇ ਪਵਿੱਤ੍ਰ ਹੋ ਜਾਣ।"

ਗੁਰੂ ਤੇਗ਼ ਬਹਾਦਰ ਜੀ ਨੇ ਬ੍ਰਾਹਮਣਾਂ ਨੂੰ ਕਿਹਾ, "ਇਹ ਝੂਠ ਹੈ ਕਿ ਇਸ ਨਦੀ ਵਿਚ ਇਸ਼ਨਾਨ ਕਰਨ ਨਾਲ ਪਾਪਾਂ ਦੇ ਫਲਾਂ ਦਾ ਨਾਸ਼ ਹੋ ਜਾਂਦਾ ਹੈ। ਬੁਰੇ ਕਰਮਾਂ ਦੇ ਫਲ ਇਸ ਨਦੀ ਦੇ ਪਾਣੀ ਵਿਚ ਨਹਾਉਣ ਨਾਲ ਨਹੀਂ ਧੋਤੇ ਜਾ ਸਕਦੇ। ਇਕ ਤੂੰਮੜੀ ਨੂੰ ਬਾਹਰੋਂ ਪਾਣੀ ਨਾਲ ਭਾਵੇਂ ਜਿੰਨਾ ਮਰਜ਼ੀ ਧੋ ਲਵੋ, ਉਸ ਦੇ ਅੰਦਰ ਦੀ ਜ਼ਹਿਰ ਵਰਗੀ ਕੁੜੱਤਣ ਨਹੀਂ ਜਾ ਸਕਦੀ। ਇਸ ਤਰ੍ਹਾਂ ਬੁਰੇ ਕਰਮਾਂ ਦੇ ਫਲ ਨਦੀ ਵਿਚ ਇਸ਼ਨਾਨ ਕਰ ਕੇ ਨਾਲ ਹੀ ਰਹਿੰਦੇ ਹਨ। ਇਸ ਨਦੀ ਵਿਚ ਨਹਾਉਣ ਦਾ ਸਿੱਟਾ ਉਦੋਂ ਚੰਗੇ ਦੀ ਥਾਂ ਮੰਦਾ ਜ਼ਰੂਰ ਹੋ ਸਕਦਾ ਹੈ, ਜਦੋਂ ਨਦੀ ਵਿਚ ਇਸ਼ਨਾਨ ਕਰਨ ਵਾਲਾ ਪ੍ਰਾਣੀ ਇਹ ਸੋਚਣ ਲੱਗ ਜਾਵੇ ਕਿ ਉਸ ਦੇ ਹੁਣ ਤੱਕ ਦੇ ਸਾਰੇ ਕੀਤੇ ਪਾਪਾਂ ਦੇ ਫਲ ਧੋਤੇ ਗਏ ਹਨ ਅਤੇ ਉਹ ਅਗਲੇ ਸਾਲ ਫਿਰ ਨਦੀ ਵਿਚ ਇਸ਼ਨਾਨ ਕਰ ਕੇ ਇਸ ਸਾਲ ਦੇ ਪਾਪ ਧੋ ਲਵੇਗਾ। ਇਸ ਸੋਚ ਦੇ ਆਸਰੇ ਉਹ ਹੋਰ ਪਾਪ ਕਰਨ ਲੱਗ ਜਾਂਦਾ ਹੈ। ਚੋਰੀ ਕਰਨ ਵਾਲਿਆਂ ਨੂੰ ਅਤੇ ਪਾਪ ਕਰਨ ਵਾਲਿਆਂ ਨੂੰ ਇਸ ਨਦੀ ਵਿਚ ਨਹਾਉਣ ਦਾ ਕੋਈ ਲਾਭ ਨਹੀਂ, ਜਦ ਤਕ ਕਿ ਉਹ ਚੋਰੀ ਅਤੇ ਪਾਪ ਕਰਨ ਤੋਂ ਤੌਬਾ ਨਹੀਂ ਕਰਦੇ। ਸਾਧ ਸੰਤ ਜਿਹੜੇ ਬੁਰੇ ਕਰਮ ਨਹੀਂ ਕਰਦੇ ਉਹ ਤਾਂ ਪਹਿਲਾਂ ਹੀ ਸੁੱਚੇ ਹੁੰਦੇ ਹਨ, ਉਨ੍ਹਾਂ ਨੂੰ ਇਸ ਨਦੀ ਵਿਚ ਇਸ਼ਨਾਨ ਕਰਨ ਦੀ ਲੋੜ ਨਹੀਂ।"

ਬ੍ਰਾਹਮਣਾਂ ਪੁੱਛਿਆ, "ਫਿਰ ਪਾਪਾਂ ਦਾ ਫਲ ਕਿਵੇਂ ਧੋਤਾ ਜਾਂਦਾ ਹੈ ?" ਗੁਰੂ ਜੀ ਨੇ ਉੱਤਰ ਦਿੱਤਾ, "ਇਕ ਉਸ ਮਾਲਕ ਦਾ ਨਾਮ ਹੈ ਜਿਹੜਾ ਪਾਪਾਂ ਦੇ ਫਲਾਂ ਨੂੰ ਧੋ ਸਕਦਾ ਹੈ। ਉਸ ਮਾਲਕ ਦਾ ਹੁਕਮ ਮੰਨਣ ਨਾਲ ਪਿਛਲੇ ਮਾੜੇ ਕਰਮਾਂ ਦੇ ਫਲ ਨਾਸ਼ ਹੋ ਜਾਂਦੇ ਹਨ ਅਤੇ ਅੱਗੇ ਲਈ ਮਨੁੱਖ ਦਾ ਸੁਧਾਰ ਹੋ ਜਾਂਦਾ ਹੈ।" ਗੁਰੂ ਜੀ ਪਾਸੋਂ ਇਹ ਉੱਤਰ ਸੁਣ ਕੇ ਉਹ ਬ੍ਰਾਹਮਣ ਜਿਧਰੋਂ ਆਏ ਸਨ, ਉਧਰ ਨੂੰ ਵਾਪਸ ਚਲੇ ਗਏ।

ਥਨੇਸਰ ਦੀ ਸਾਖੀ

Happening at Thanesar



# Happening at Thanesar

Prohibiting people from the use of tobacco at village Barna and showing the right path to those gone astray, Guru Tegh Bahadur reached Thanesar. There he camped on the bank of river Saraswati. Setting everything he got the musicians to start singing of hymns and asked the Sikhs to prepare food and serve it to those coming for an audience. It was the day of solar eclipse. There was a great rush of people on the river bank. They wanted to wash away the effects of their sins committed in the past by bathing in the river.

Even after the start of the solar eclipse, the musicians continued reciting hymns and the meals in the community kitchen remained being cooked and served without any break. The needy went on taking meals. Neither the Guru nor the Sikhs paid any attention to the eclipse. The Guru or the Sikhs did not go to the river to bathe specially during the eclipse. Seeing Sikhs taking meals, some Brahmins came to Guru Tegh Bahadur and said, "The solar eclipse is on. Please go and bathe in the river at this auspicious occasion to wash the effects of your sins committed in the past. Also ask your disciples to become pure by bathing and washing their sins."

Guru Tegh Bahadur said to the Brahmins, "It is not true to say that the curse of the sins ends by bathing in this river. The misdeeds done cannot be washed by bathing in this water. You may wash a bitter melon with water as many times as you like from outside but the inner bitterness like poison remains in it. In the same way the curse of bad deeds remains with you even after bathing in the river. The result of bathing in this river can be bad instead of being good when the person bathing may start thinking that the sins committed by him upto now have been washed away and he will again bathe next year and get rid of the misdeeds done this year. Thinking this way he may do still more wrong. Thieves and sinners do not benefit from just bathing in this river unless they resolve not to steal and sin. Ascetics and saints are always pure as they do not do misdeeds, so there is no need for them to bathe in this river."

The Brahmins asked, "How then can the curse of the sins be washed ?" The Guru replied, "It is the name of the Lord that can save one from the wages of sin. By obeying the commands of the Lord the curse of the sins of the past is destroyed and there are no ill effects of the future deeds." After getting this reply from the Guru, the Brahmins went the way they had come from.


ਔਰੰਗਜ਼ੇਬ ਨਾਲ ਮੁਲਾਕਾਤ
Meeting with Aurangzeb

# ਔਰੰਗਜ਼ੇਬ ਨਾਲ ਮੁਲਾਕਾਤ

ਦਿੱਲੀ ਦਾ ਬਾਦਸ਼ਾਹ ਔਰੰਗਜ਼ੇਬ, ਰਾਮ ਰਾਏ ਅਤੇ ਗੁਰੂ ਹਰਿਕ੍ਰਿਸ਼ਨ ਜੀ ਪਾਸੋਂ ਕਰਾਮਾਤਾਂ ਦੇਖ ਚੁੱਕਿਆ ਸੀ। ਉਸ ਨੇ ਗੁਰੂ ਤੇਗ਼ ਬਹਾਦਰ ਜੀ ਨੂੰ ਕਰਾਮਾਤਾਂ ਦਿਖਾਉਣ ਲਈ ਦਿੱਲੀ ਸੱਦਿਆ। ਗੁਰੂ ਜੀ ਉਨ੍ਹਾਂ ਦਿਨਾਂ ਵਿਚ ਮਾਲਵੇ ਦਾ ਦੌਰਾ ਕਰ ਰਹੇ ਸਨ, ਜਦੋਂ ਔਰੰਗਜ਼ੇਬ ਦਾ ਸੁਨੇਹਾ ਲੈ ਕੇ ਆਲਮਖ਼ਾਨ ਰੁਹੇਲਾ, 1 ਨਵੰਬਰ, 1665 ਈ. ਨੂੰ ਉਨ੍ਹਾਂ ਪਾਸ ਧਮਤਾਨ ਪਿੰਡ ਪੁੱਜਿਆ। ਗੁਰੂ ਜੀ ਰਸਤੇ ਵਿਚ ਪਹਿਲਾਂ ਦੀ ਤਰ੍ਹਾਂ ਪੜਾਉ ਕਰਦੇ ਅਤੇ ਸੰਗਤ ਨੂੰ ਸੱਚ ਦੇ ਲੜ ਲਗਾਉਂਦੇ ਹੋਏ ਉਸ ਨਾਲ ਦਿੱਲੀ ਪੁੱਜ ਗਏ।

ਗੁਰੂ ਤੇਗ਼ ਬਹਾਦਰ ਜੀ ਦੇ ਦਿੱਲੀ ਪੁੱਜਣ ਸਮੇਂ ਉਨ੍ਹਾਂ ਦਾ ਟਿਕਾਣਾ, ਰਾਜਾ ਮਿਰਜ਼ਾ ਜੈ ਸਿੰਘ ਦੇ ਪੁੱਤਰ ਰਾਮ ਸਿੰਘ ਨੇ ਆਪਣੀ ਹਵੇਲੀ ਵਿਚ ਕਰਵਾਇਆ। ਗੁਰੂ ਜੀ ਔਰੰਗਜ਼ੇਬ ਦੇ ਬੁਲਾਵੇ 'ਤੇ ਉਸ ਦੇ ਦਰਬਾਰ ਵਿਚ ਪੁੱਜੇ, ਜਿੱਥੇ ਉਨ੍ਹਾਂ ਨੂੰ ਬੜੇ ਸਤਿਕਾਰ ਨਾਲ ਚੰਦਨ ਦੀ ਚੌਕੀ ਉੱਪਰ ਬਿਠਾਇਆ ਗਿਆ। ਔਰੰਗਜ਼ੇਬ ਨੇ ਉਸ ਪਿਛੋਂ ਗੁਰੂ ਜੀ ਨੂੰ ਕਰਾਮਾਤ ਦਿਖਾਉਣ ਲਈ ਕਿਹਾ। ਗੁਰੂ ਜੀ ਨੇ ਉੱਤਰ ਦਿੱਤਾ, "ਕਰਾਮਾਤ ਦਿਖਾਉਣਾ ਰੱਬ ਦੇ ਸ਼ਰੀਕ ਬਣਨਾ ਹੈ ਜੋ ਕਿ ਖ਼ੁਦਾ ਨੂੰ ਨਹੀਂ ਭਾਉਂਦਾ। ਤੁਸਾਂ ਨੂੰ ਖ਼ੁਦਾ ਨੇ ਹਿੰਦੁਸਤਾਨ ਦਾ ਰਾਜ ਦਿੱਤਾ ਹੈ। ਤੁਸਾਂ ਨੂੰ ਚਾਹੀਦਾ ਹੈ ਕਿ ਸਾਰੇ ਧਰਮਾਂ ਨੂੰ ਬਰਾਬਰ ਸਮਝੋ। ਨਿਆਂ, ਹਲੀਮੀ ਅਤੇ ਮਿਹਰ ਨਾਲ ਰਾਜ ਕਰੋ। ਪਰਜਾ, ਗਾਂਵਾਂ ਅਤੇ ਬੱਕਰੀਆਂ ਵਾਂਗ ਹੈ। ਇਸ ਦੀ ਜਿੰਨੀ ਪਾਲਣਾ ਕੀਤੀ ਜਾਵੇ, ਓਨਾ ਵੱਧ ਇਸ ਪਾਸੋਂ ਦੁੱਧ ਮਿਲਦਾ ਹੈ। ਜਿਹੜਾ ਬਾਦਸ਼ਾਹ ਪਰਜਾ ਨੂੰ ਤੰਗ ਕਰਦਾ ਹੈ ਉਹ ਆਪਣਾ ਨਾਸ਼ ਆਪ ਕਰਦਾ ਹੈ। ਖ਼ੁਦਾ ਦੇ ਘਰ ਵਿਚ ਜ਼ੋਰ-ਜ਼ੁਲਮ ਕਰਨ ਵਾਲਿਆਂ ਲਈ ਕੋਈ ਥਾਂ ਨਹੀਂ।"

ਔਰੰਗਜ਼ੇਬ ਨੇ ਗੁਰੂ ਜੀ ਦਾ ਉੱਤਰ ਸੁਣ ਕੇ ਕਿਹਾ, "ਮੈਂ ਚਾਹੁੰਦਾ ਹਾਂ ਕਿ ਸਾਰੇ ਹਿੰਦੁਸਤਾਨ ਦਾ ਇੱਕੋ ਧਰਮ—ਇਸਲਾਮ ਹੋ ਜਾਵੇ, ਜਿਸ ਨਾਲ ਧਰਮਾਂ ਦੇ ਝਗੜੇ ਹੀ ਖ਼ਤਮ ਹੋ ਜਾਣ। ਜੇ ਤੁਸੀਂ ਇਸਲਾਮ ਧਾਰਨ ਕਰ ਲਵੋ ਤਾਂ ਮੈਂ ਆਪ ਨੂੰ ਬਹੁਤ ਵੱਡੀ ਜਾਗੀਰ ਦੇ ਦੇਵਾਂਗਾ ਅਤੇ ਸਾਰੇ ਦੇਸ਼ ਦਾ ਵੱਡਾ ਪੀਰ ਬਣਾ ਦੇਵਾਂਗਾ।" ਗੁਰੂ ਜੀ ਨੇ ਉੱਤਰ ਦਿੱਤਾ, "ਦੁਨੀਆਂ ਦੀ ਮਾਇਆ ਸਾਡੇ ਕਿਸੇ ਕੰਮ ਨਹੀਂ। ਸਾਡੇ ਲਈ ਲੋਹਾ ਅਤੇ ਸੋਨਾ ਬਰਾਬਰ ਹਨ। ਪੀਰੀ ਨੂੰ ਅਸੀਂ ਕੀ ਕਰਨਾ ਹੈ। ਇਹ ਝਗੜੇ ਮਜ਼ਹਬਾਂ ਜਾਂ ਧਰਮਾਂ ਦੇ ਪੈਦਾ ਕੀਤੇ ਹੋਏ ਨਹੀਂ, ਇਹ ਤਾਂ ਈਰਖਾ ਦੀ ਪੈਦਾਵਾਰ ਹਨ। ਧਰਮ ਤਾਂ ਉਸ ਖ਼ੁਦਾ ਦੇ ਦਰਵਾਜ਼ੇ ਤਕ ਪੁੱਜਣ ਦਾ ਰਸਤਾ ਹੈ। ਸਾਡਾ ਵਿਚਾਰ ਹੈ ਕਿ ਹਰ ਪ੍ਰਾਣੀ ਆਪਣੇ ਨਿਸਚੇ ਦੇ ਹਿਸਾਬ ਉਸ ਤੱਕ ਪਹੁੰਚਣ ਦਾ ਹੱਕ ਰਖਦਾ ਹੈ, ਕਿਉਂਕਿ ਧਰਮ ਪ੍ਰਾਣੀ ਦਾ ਆਪਣਾ ਨਿੱਜੀ ਮਸਲਾ ਹੈ। ਇਸ ਦਾ ਸੰਬੰਧ ਸਰੀਰ ਨਾਲੋਂ ਬਹੁਤਾ ਆਤਮਾ ਨਾਲ ਹੈ। ਜੇ ਖ਼ੁਦਾ ਨੂੰ ਹਿੰਦੂ ਨਾ ਭਾਉਂਦੇ ਹੋਣ ਤਾਂ ਉਹ ਇਨ੍ਹਾਂ ਦੇ ਬੱਚੇ ਹੋਣ ਤੋਂ ਬੰਦ ਕਰ ਦੇਵੇ।"

ਇਸ ਤਰ੍ਹਾਂ ਦੇ ਵਿਚਾਰ-ਵਟਾਂਦਰੇ ਪਿੱਛੋਂ ਔਰੰਗਜ਼ੇਬ ਨੂੰ ਤਸੱਲੀ ਹੋ ਗਈ ਕਿ ਗੁਰੂ ਤੇਗ਼ ਬਹਾਦਰ ਜੀ ਪੁੱਜੇ ਹੋਏ ਫ਼ਕੀਰ ਹਨ। ਇਨ੍ਹਾਂ ਨੂੰ ਦੁਨੀਆਂ ਦੀ ਮਾਇਆ ਨਾਲ ਕੋਈ ਲਗਾਉ ਨਹੀਂ। ਉਸ ਨੇ ਹੁਕਮ ਕਰ ਦਿੱਤਾ, "ਗੁਰੂ ਜੀ ਜਿੱਥੇ ਚਾਹੁਣ ਜਾ ਸਕਦੇ ਹਨ। ਇਨ੍ਹਾਂ ਦੇ ਪ੍ਰਚਾਰ ਕਰਨ ਉੱਪਰ ਕੋਈ ਰੋਕ ਨਹੀਂ।"

# *Meeting with Aurangzeb*

Aurangzeb, the King of Delhi had witnessed the miracles performed by Ram Rai and Guru Har Krishan. He sent Alam Khan Ruhela to bring Guru Tegh Bahadur to Delhi to show him some miracles. At that time Guru Tegh Bahadur was on tour of Malwa region and was at village Dhamtan, when Alam Khan Ruhela reached with Aurangzeb's message on 1st November, 1665 A.D. The Guru accompanied him to Delhi, holding congregations on the way as before and setting people on the path of truth.

Ram Singh, the son of Raja Mirza Jai Singh, made arrangements for Guru Tegh Bahadur's stay in his palace during his sojourn at Delhi. The Guru went to the court of Aurangzeb on his invitation where he was seated on a sandalwood seat with great reverence. After Aurangzeb asked him to show some miracle, the Guru replied, "To show a miracle is to claim parity with God. God has given you the sovereignty of India. It becomes of you to consider all religions as equal. Rule with justice, humility and kindness. The subjects are like cows and goats. The more you nourish them the more milk will they yield. The King who harasses his subjects, destroys himself. There is no place in the house of God for those who indulge in oppression and tyranny."

On hearing the reply of the Guru, Aurangzeb said, "I wish that only one faith—Islam, may prevail in India so that conflicts on account of religion may end. If you embrace Islam, I shall give you a large estate and make you the supreme religious head of the country." The Guru replied, "The riches of the world are of no use to me. Iron and gold are of the same value to me. What would I do with the relgious leadership ? These conflicts are not created by religions but are the outcome of jealousy. Religion is only a way to reach the Lord. In my opinion, every living being has a right to reach Him according to his own belief because faith is the privilege of every individual. It relates more to the soul than to the body. If God does not like Hindus, He would stop blessing them with children."

After exchange of views in this way, Aurangzeb was satisfied that Guru Tegh Bahadur was a holy man in tune with the Infinite. He has no love for the worldly wealth. He passed orders, "The Guru can go wherever he likes. There is no restriction on his preaching."



WWW.SIKHBOOKCLUB.COM 

# ਗ੍ਰਿਹਸਤ ਵਿਚ ਵਡਿਆਈ

ਗੁਰੂ ਤੇਗ਼ ਬਹਾਦਰ ਜੀ ਨੇ ਦਿੱਲੀ ਦੇ ਬਾਦਸ਼ਾਹ ਔਰੰਗਜ਼ੇਬ ਨੂੰ ਮਿਲਣ ਪਿਛੋਂ ਪੂਰਬ ਦੇਸ਼ ਦਾ ਦੌਰਾ ਸ਼ੁਰੂ ਕਰ ਦਿੱਤਾ। ਗੁਰੂ ਜੀ ਦਿੱਲੀ ਤੋਂ ਚੱਲ ਕੇ ਰਸਤੇ ਵਿਚ ਆਉਂਦੇ ਪਿੰਡਾਂ ਅਤੇ ਸ਼ਹਿਰਾਂ ਦੇ ਲੋਕਾਂ ਨੂੰ ਸੱਚ ਦਾ ਗਿਆਨ ਦਿੰਦੇ ਹੋਏ ਆਗਰੇ ਪੁੱਜੇ, ਜਿੱਥੇ ਉਨ੍ਹਾਂ ਮਾਈ ਭਾਗੋ ਨੂੰ ਜਾ ਦਰਸ਼ਨ ਦਿੱਤੇ।

ਮਾਈ ਭਾਗੋ ਬੜੇ ਸਮੇਂ ਤੋਂ ਗੁਰੂ ਜੀ ਦੇ ਦਰਸ਼ਨਾਂ ਦੀ ਤਾਂਘ ਲਗਾਈ ਬੈਠੀ ਸੀ। ਹਰ ਰੋਜ਼ ਉਹ ਗੁਰੂ ਦਾ ਧਿਆਨ ਧਰ ਕੇ ਅਰਦਾਸ ਕਰਦੀ ਸੀ, "ਹੇ ਸੱਚੇ ਪਾਤਸ਼ਾਹ, ਮੇਰੇ ਆਪਣੇ ਹੱਥਾਂ ਨਾਲ ਕੱਤੇ ਹੋਏ ਖੱਦਰ ਦਾ ਤਿਆਰ ਕੀਤਾ ਜਾਮਾ ਸਵੀਕਾਰ ਕਰ ਕੇ ਮੇਰੇ ਮਨ ਦੀ ਭਾਵਨਾ ਪੂਰੀ ਕਰੋ।" ਮਾਈ ਭਾਗੋ, ਗੁਰੂ ਜੀ ਨੂੰ ਆਪਣੇ ਘਰ ਦੇ ਦਰਵਾਜ਼ੇ ਅੱਗੇ ਖੜ੍ਹੇ ਦੇਖ ਕੇ ਬੜੀ ਖ਼ੁਸ਼ ਹੋਈ। ਉਸ ਨੇ ਬਿਰਧ ਸਰੀਰ ਹੁੰਦੇ ਹੋਏ ਵੀ ਗੁਰੂ ਜੀ ਦੀ ਆਪਣੇ ਹੱਥੀਂ ਬਹੁਤ ਸੇਵਾ ਕੀਤੀ। ਗੁਰੂ ਜੀ ਉਸ ਪਾਸ ਇਕ ਮਹੀਨਾ ਦੋ ਦਿਨ ਰਹੇ। ਉਹ ਥਾਂ ਜਿੱਥੇ ਗੁਰੂ ਜੀ ਮਾਈ ਭਾਗੋ ਪਾਸ ਰਹੇ ਸਨ, ਅੱਜ ਕੱਲ੍ਹ "ਮਾਈ ਥਾਨ" ਦੇ ਨਾਂ ਨਾਲ ਪ੍ਰਸਿੱਧ ਹੈ।

ਗੁਰੂ ਜੀ ਅਜੇ ਆਗਰੇ ਹੀ ਸਨ ਕਿ ਇਕ ਦਿਨ ਅੰਮ੍ਰਿਤ ਵੇਲੇ ਦੇ ਕੀਰਤਨ ਵਿਚ ਇਕ ਬੀਬੀ ਨੇ ਆ ਕੇ ਗੁਰੂ ਜੀ ਅੱਗੇ ਬੇਨਤੀ ਕੀਤੀ, "ਮੇਰਾ ਪਤੀ ਸੰਨਿਆਸ ਧਾਰਨ ਕਰ ਰਿਹਾ ਹੈ। ਮੈਨੂੰ ਅਤੇ ਮੇਰੇ ਤਿੰਨ ਬੱਚਿਆਂ ਨੂੰ ਉਹ ਛੱਡ ਕੇ ਜਾ ਰਿਹਾ ਹੈ। ਗੁਰੂ ਜੀ, ਸਾਡੇ ਉੱਪਰ ਕ੍ਰਿਪਾ ਕਰੋ। ਉਸ ਨੂੰ ਆਪਣੇ ਪਾਸ ਬੁਲਾ ਕੇ ਸਮਝਾਵੋ ਕਿ ਉਹ ਸਾਨੂੰ ਇਸ ਤਰ੍ਹਾਂ ਛੱਡ ਕੇ ਨਾ ਜਾਵੇ। ਉਸ ਦੇ ਛੱਡ ਜਾਣ ਪਿੱਛੋਂ ਸਾਡੇ ਬੱਚੇ ਮੰਗਤੇ ਬਣ ਜਾਣਗੇ ਅਤੇ ਦਰ ਦਰ ਦੀਆਂ ਠੋਕਰਾਂ ਖਾਣਗੇ।" ਗੁਰੂ ਜੀ ਨੇ ਉਸ ਬੀਬੀ ਦੀ ਬੇਨਤੀ ਮੰਨ ਕੇ ਉਸ ਦੇ ਪਤੀ ਨੂੰ ਇਕ ਸਿੱਖ ਭੇਜ ਕੇ ਘਰ ਤੋਂ ਬੁਲਾ ਲਿਆ। ਬੀਬੀ ਦੇ ਪਤੀ ਨੇ ਦੀਵਾਨ ਵਿਚ ਪੁੱਜ ਕੇ ਗੁਰੂ ਜੀ ਨੂੰ ਬੜੇ ਸਤਿਕਾਰ ਨਾਲ ਨਮਸਕਾਰ ਕੀਤੀ।

ਗੁਰੂ ਜੀ ਨੇ ਉਸ ਨੂੰ ਪੁੱਛਿਆ, "ਤੇਰੀ ਪਤਨੀ ਕਹਿੰਦੀ ਹੈ ਕਿ ਤੂੰ ਸੰਨਿਆਸ ਧਾਰਨ ਕਰਨਾ ਚਾਹੁੰਦਾ ਹੈਂ। ਕੀ ਇਹ ਸੱਚ ਹੈ ?" ਉਸ ਨੇ ਉੱਤਰ ਦਿੱਤਾ, "ਮੇਰੀ ਘਰ ਵਾਲੀ ਸੱਚ ਕਹਿੰਦੀ ਹੈ। ਮੈਂ ਰੱਬ ਨੂੰ ਪਾਉਣਾ ਚਾਹੁੰਦਾ ਹਾਂ। ਸੰਨਿਆਸੀ ਕਹਿੰਦੇ ਹਨ ਕਿ ਰੱਬ ਨੂੰ ਪਾਉਣ ਲਈ ਮਾਇਆ ਦਾ ਤਿਆਗ ਕਰਨਾ ਸਭ ਨਾਲੋਂ ਜ਼ਰੂਰੀ ਹੈ। ਜਦ ਤੱਕ ਮੇਰੇ ਨਾਲ ਮੇਰੇ ਬੱਚੇ ਅਤੇ ਪਤਨੀ ਰਹਿਣਗੇ ਤਦ ਤੱਕ ਮੇਰੇ ਵਿਚ ਮਾਇਆ ਦਾ ਮੋਹ ਬਣਿਆ ਰਹੇਗਾ। ਉਤਨੀ ਦੇਰ ਮੈਂ ਰੱਬ ਨਹੀਂ ਪਾ ਸਕਦਾ।"

ਗੁਰੂ ਜੀ ਨੇ ਕਿਹਾ, "ਭਾਈ, ਜਦੋਂ ਤੂੰ ਇਨ੍ਹਾਂ ਬੱਚਿਆਂ ਨੂੰ ਛੱਡ ਕੇ ਚਲਾ ਜਾਵੇਂਗਾ ਤਾਂ ਇਨ੍ਹਾਂ ਦੀ ਦੇਖ-ਭਾਲ ਕੌਣ ਕਰੇਗਾ ? ਤੇਰੇ ਘਰ ਤਿਆਗਣ ਨਾਲ ਵੀ ਪੇਟ ਦੀ ਭੁੱਖ ਤੇਰੇ ਨਾਲ ਹੀ ਰਹੇਗੀ। ਪੇਟ ਦੀ ਭੁੱਖ ਦੂਰ ਕਰਨ ਲਈ ਤੂੰ ਇਨ੍ਹਾਂ ਗ੍ਰਿਹਸਤੀਆਂ ਦੇ ਦਰਵਾਜ਼ੇ ਖੜਕਾਵੇਂਗਾ ਅਤੇ ਉਨ੍ਹਾਂ ਤੋਂ ਮੰਗ ਕੇ ਖਾਵੇਂਗਾ। ਸੋ, ਮਾਇਆ ਵੀ ਤੇਰੇ ਨਾਲ ਹੀ ਰਹੇਗੀ। ਰੱਬ ਨੂੰ ਪਾਉਣ ਦਾ ਇਹ ਢੰਗ ਨਹੀਂ ਕਿ ਘਰ-ਬਾਰ ਛੱਡ ਕੇ ਚਲੇ ਜਾਵੋ। ਰੱਬ ਨੂੰ ਪਾਉਣ ਲਈ ਉਸਦਾ ਹੁਕਮ ਮੰਨਦੇ ਹੋਏ ਉਸ ਦੀ ਪਾਲਣਾ ਕਰੋ। ਜ਼ਰੂਰਤਮੰਦ ਦੀ ਲੋੜ ਪੂਰੀ ਕਰੋ। ਮਾਇਆ ਦਾ ਤਿਆਗ ਨਾ ਕਰੋ ਪਰ ਇਸ ਦੇ ਮੋਹ ਦਾ ਤਿਆਗ ਕਰੋ। ਇਸ ਤਰ੍ਹਾਂ ਗ੍ਰਿਹਸਤ ਵਿਚ ਰਹਿੰਦੇ ਹੋਏ ਵੀ ਰੱਬ ਦੇ ਹਰ ਸਮੇਂ ਦੀਦਾਰ ਕਰਦੇ ਰਹੋ।" ਗੁਰੂ ਜੀ ਦੀ ਸਿੱਖਿਆ ਦੀ ਉਸ ਨੂੰ ਸਮਝ ਪੈ ਗਈ। ਉਸ ਨੇ ਸੰਨਿਆਸੀ ਬਣਨ ਦਾ ਖ਼ਿਆਲ ਤਿਆਗ ਦਿੱਤਾ ਅਤੇ ਸਾਰਾ ਟੱਬਰ ਗੁਰੂ ਘਰ ਦਾ ਸ਼ਰਧਾਲੂ ਬਣ ਗਿਆ।



WWW.SIKHBOOKCLUB.COM 

ਗ੍ਰਿਹਸਤ ਵਿਚ ਵਡਿਆਈ

Greatness in the Householder



# Greatness in the Householder

After meeting Aurangzeb, Guru Tegh Bahadur started the tour of Eastern provinces. From Delhi, imparting the knowledge of truth to the people of the villages on the way the Guru reached Agra, where he gave audience to Mai Bhago.

Mai Bhago was an old woman and she had a great desire since a long time to behold the Guru. Everyday, visualising the Guru in her mind, she used to pray, "O true King! Fulfil my desire by accepting the robe made from the cloth spun with my own hands." Mai Bhago was over-joyed to see the Guru standing at her door. In spite of her old frail body, she served the Guru with her own hands with great care. The Guru stayed with her for a month and two days. The place of Mai Bhago, where the Guru had stayed is now known as 'Mai Thaan'.

The Guru was still at Agra when one day a woman came in the morning congregation and requested the Guru, "My husband is becoming an ascetic and is leaving me and three children. Please be kind to us, call him to you and persuade him not to leave us like this. If he leaves us, our children will become beggars and will be pushed around from place to place." Acceding to her request, the Guru called her husband. Reaching the congregation, her husband bowed before the Guru with great reverence.

The Guru asked him, "Your wife says that you are renouncing this world. Is it true ?" He replied, "What my wife says is true. I want to attain God. The ascetics say that it is most essential to renounce wealth to find the Lord. As long as my wife and children stay with me, the attachment for wealth will persist. I won't be able to attain oneness with God."

The Guru said, "Brother ! Who will take care of these children when you leave them ? Your hunger will remain with you even if you renounce this world. To satisfy the hunger you will knock at the doors of the householders and beg for your food. The attachment will remain with you. The way to find God is not to leave your home and hearth but to realise and obey His commands to find Him. Fulfil the needs of the needy. Do not give up wealth but renounce greed for it. You will behold the Lord always in this way while living as a householder." He understood the teaching of the Guru and gave up the thought of renunciation. The family became devotees of the Guru's institution.

ਮਲੂਕਦਾਸ ਦਾ ਭਰਮ

Illusion of Malook Dass



# ਮਲੂਕ ਦਾਸ ਦਾ ਭਰਮ

ਗੁਰੂ ਤੇਗ਼ ਬਹਾਦਰ ਜੀ ਆਗਰੇ ਤੋਂ ਚੱਲ ਕੇ, ਪਿੰਡਾਂ ਅਤੇ ਸ਼ਹਿਰਾਂ ਵਿਚ ਦੀਵਾਨ ਲਗਾਉਂਦੇ ਹੋਏ, ਕਾਨਪੁਰ ਤੋਂ ਅੱਗੇ ਕੜਾ ਮਾਣਕਪੁਰ ਪੁੱਜੇ। ਇਸ ਥਾਂ ਇਕ ਵੈਸ਼ਨੋ ਜੋਗੀ ਮਲੂਕ ਦਾਸ ਰਹਿੰਦਾ ਸੀ। ਜਦੋਂ ਉਸ ਨੂੰ ਗੁਰੂ ਜੀ ਦੇ ਪੁੱਜਣ ਦਾ ਪਤਾ ਲੱਗਾ ਤਾਂ ਉਹ ਬੜਾ ਖ਼ੁਸ਼ ਹੋਇਆ ਕਿਉਂਕਿ ਉਸ ਨੇ ਗੁਰੂ ਜੀ ਦੀ ਮਹਿਮਾ ਦੂਜੇ ਭਗਤਾਂ ਪਾਸੋਂ ਬਹੁਤ ਸੁਣੀ ਹੋਈ ਸੀ। ਉਹ ਅਜੇ ਗੁਰੂ ਜੀ ਦੇ ਡੇਰੇ ਜਾ ਕੇ ਦਰਸ਼ਨਾਂ ਦੀ ਤਿਆਰੀ ਹੀ ਕਰ ਰਿਹਾ ਸੀ, ਜਦੋਂ ਗੁਰੂ ਜੀ ਦੇ ਦਰਸ਼ਨ ਕਰ ਕੇ ਵਾਪਸ ਆ ਰਹੇ ਲੋਕਾਂ ਉਸ ਨੂੰ ਦੱਸਿਆ ਕਿ ਉਨ੍ਹਾਂ ਦੇ ਨਾਲ ਕੁਝ ਸ਼ਸਤਰਧਾਰੀ ਸਿੱਖ ਘੋੜਿਆਂ ਉੱਪਰ ਅਸਵਾਰ ਵੀ ਹਨ, ਜਿਨ੍ਹਾਂ ਦੇ ਘੋੜਿਆਂ ਦੀਆਂ ਪਿੱਠਾਂ ਨਾਲ ਮਿਰਗ ਬੰਨ੍ਹੇ ਹੋਏ ਹਨ। ਲਗਦਾ ਹੈ ਜਿਵੇਂ ਉਹ ਸ਼ਸਤਰਧਾਰੀ ਸਿੱਖ ਰਸਤੇ ਵਿਚ ਸ਼ਿਕਾਰ ਕਰ ਕੇ ਮਿਰਗ ਮਾਰ ਕੇ ਲਿਆਏ ਹਨ। ਮਲੂਕ ਦਾਸ ਨੇ ਜਦੋਂ ਇਹ ਸੁਣਿਆ ਤਾਂ ਉਸ ਨੇ ਗੁਰੂ ਜੀ ਦੇ ਦਰਸ਼ਨ ਕਰਨ ਦਾ ਵਿਚਾਰ ਛੱਡ ਦਿੱਤਾ। ਉਸ ਨੇ ਸੋਚਿਆ ਕਿ ਉਹ ਵੈਸ਼ਨੋ ਹੈ ਅਤੇ ਗੁਰੂ ਦੇ ਸਿੱਖ ਮਾਸ ਦਾ ਆਹਾਰ ਕਰਦੇ ਹਨ। ਉਹ ਜੀਵ-ਘਾਤਕ ਅਤੇ ਨਿਰਦਈ ਹਨ। ਉਸ ਦਾ ਗੁਰੂ ਜੀ ਪਾਸ ਜਾਣਾ ਠੀਕ ਨਹੀਂ ਜਿਸ ਦੇ ਸਿੱਖ ਇਸ ਤਰ੍ਹਾਂ ਦੇ ਹਨ।

ਮਲੂਕ ਦਾਸ ਦੇ ਸ਼ਾਮ ਦੇ ਖਾਣੇ ਦਾ ਸਮਾਂ ਹੋਣ 'ਤੇ ਉਸਦਾ ਵੈਸ਼ਨੋ ਭੋਜਨ ਉਸਦੇ ਛਕਣ ਲਈ ਲਿਆਂਦਾ ਗਿਆ। ਜਿਵੇਂ ਕਿ ਉਹ ਹਰ ਰੋਜ਼ ਕਰਦਾ ਸੀ, ਉਸ ਨੇ ਭੋਜਨ ਠਾਕਰਾਂ ਅੱਗੇ ਰੱਖ ਕੇ ਸਵੀਕਾਰ ਕਰਨ ਦੀ ਪ੍ਰਾਰਥਨਾ ਕੀਤੀ, ਠਾਕਰਾਂ ਨੂੰ ਭੋਗ ਲਗਾਉਣ ਲਈ ਖਾਣੇ ਦੀ ਥਾਲੀ ਉੱਪਰੋਂ ਕੱਪੜਾ ਚੁੱਕਿਆ ਤਾਂ ਉਸ ਨੂੰ ਖਾਣੇ ਵਿਚ ਮਾਸ ਪਿਆ ਨਜ਼ਰ ਆਇਆ। ਉਹ ਬੜਾ ਹੈਰਾਨ ਹੋਇਆ ਕਿ ਉਸ ਦੇ ਵੈਸ਼ਨੋ ਭੋਜਨ ਵਿਚ ਮਾਸ ਕਿੱਥੋਂ ਆ ਗਿਆ ? ਬੜਾ ਸੋਚਣ ਪਿੱਛੋਂ ਉਸ ਨੂੰ ਸਮਝ ਪਈ ਕਿ ਇਹ ਕੌਤਕ ਤਾਂ ਜਾਣੀ-ਜਾਣ ਗੁਰੂ ਦਾ ਰਚਿਆ ਹੋਇਆ ਹੈ। ਮਾਸ ਅਤੇ ਸਾਗ ਵਿਚ ਅੰਤਰ ਮੇਰੇ ਮਨ ਨੇ ਆਪ ਪੈਦਾ ਕੀਤਾ ਹੋਇਆ ਹੈ। ਠਾਕਰ ਲਈ ਮਾਸ ਅਤੇ ਸਾਗ ਬਰਾਬਰ ਹਨ। ਇਨ੍ਹਾਂ ਦੋਹਾਂ ਨੂੰ ਪੈਦਾ ਕਰਨ ਵਾਲਾ ਉਹ ਆਪ ਹੀ ਹੈ। ਇਨ੍ਹਾਂ ਦਾ ਆਹਾਰ ਕਰਨ ਵਾਲਾ ਵੀ ਉਹ ਆਪ ਹੈ। ਫਿਰ ਮੈਂ ਵਾਧੂ ਮਾਸ ਅਤੇ ਸਾਗ ਦੇ ਭਰਮਾਂ ਵਿਚ ਕਿਉਂ ਫਸਾਂ ? ਮੈਂ ਜਾ ਕੇ ਉਸ ਜਾਣੀ-ਜਾਣ ਗੁਰੂ ਦੇ ਦਰਸ਼ਨ ਕਰਾਂ।

ਦੂਜੀ ਸਵੇਰ, ਮਲੂਕ ਦਾਸ ਗੁਰੂ ਜੀ ਦੇ ਦਰਸ਼ਨਾਂ ਲਈ ਉਨ੍ਹਾਂ ਪਾਸ ਪੁੱਜ ਗਿਆ। ਗੁਰੂ ਜੀ ਨੇ ਉਸ ਨੂੰ ਬੜੇ ਸਤਿਕਾਰ ਨਾਲ ਆਪਣੇ ਪਾਸ ਬੁਲਾ ਕੇ ਪੁੱਛਿਆ, "ਮਲੂਕ ਦਾਸ, ਤੇਰੇ ਮਨ ਵਿਚ ਕੋਈ ਹੋਰ ਸ਼ੰਕਾ ਹੈ ਤਾਂ ਉਹ ਵੀ ਅੱਜ ਦੂਰ ਕਰ ਲੈ।" ਉਸ ਨੇ ਉੱਤਰ ਦਿੱਤਾ, "ਤੁਸੀਂ ਮੇਰੇ ਮਨ ਦੇ ਸਾਰੇ ਭਰਮ ਦੂਰ ਕਰ ਦਿੱਤੇ ਹਨ। ਕ੍ਰਿਪਾ ਕਰ ਕੇ ਮੇਰੇ ਅਸਥਾਨ 'ਤੇ ਚਲੋ ਅਤੇ ਮੈਨੂੰ ਸੇਵਾ ਕਰਨ ਦਾ ਮੌਕਾ ਦੇਵੋ।"

ਗੁਰੂ ਜੀ ਨੇ ਮਲੂਕ ਦਾਸ ਦੀ ਬੇਨਤੀ ਪ੍ਰਵਾਨ ਕਰ ਲਈ। ਉਹ ਆਪ ਗੁਰੂ ਜੀ ਨੂੰ ਡੇਰੇ ਤੋਂ ਆਪਣੇ ਅਸਥਾਨ 'ਤੇ ਲੈ ਕੇ ਗਿਆ। ਉਸ ਨੇ ਭੋਜਨ ਤਿਆਰ ਕਰ ਕੇ ਗੁਰੂ ਜੀ ਅੱਗੇ ਰੱਖ ਕੇ ਕਿਹਾ, "ਅੱਜ ਮੈਂ ਪਰਤੱਖ ਠਾਕਰ ਨੂੰ ਭੋਗ ਲਗਾ ਰਿਹਾ ਹਾਂ, ਪਹਿਲਾਂ ਤਾਂ ਮੈਂ ਸਾਰੀ ਉਮਰ ਪੱਥਰ ਦੇ ਠਾਕਰਾਂ ਨੂੰ ਹੀ ਭੋਗ ਲਗਾਉਂਦਾ ਆ ਰਿਹਾ ਸੀ। ਆਪ ਦੀ ਕ੍ਰਿਪਾ ਨਾਲ, ਹੁਣ ਮੈਨੂੰ ਠਾਕਰ-ਪੂਜਾ ਬਾਲਕਾਂ ਦੀ ਖੇਡ ਨਜ਼ਰ ਆਉਂਦੀ ਹੈ। ਆਪ ਦੇ ਦਰਸ਼ਨਾਂ ਨੇ ਮੇਰਾ ਜਨਮ ਸਫ਼ਲਾ ਕਰ ਦਿੱਤਾ ਹੈ।"



WWW.SIKHBOOKCLUB.COM 

# *Illusion of Malook Dass*

Moving from Agra, Guru Tegh Bahadur reached Kara Manakpur beyond Kanpur, holding congregations in villages and cities on the way. A vegetarian Yogi, Malook Dass lived at this place. He was very pleased when he came to know about the Guru's arrival because he had heard his praise from other devotees. He was getting himself ready to go to the Guru's camp for an audience when some people returning after visiting Guru Ji,told him, "Some armed Sikhs are accompanying him on horse backs, with deer tied to the back of their horses. It appears as if those armed Sikhs have hunted the deer on their way." When Malook Dass heard this, he gave up the idea of going to the Guru for an audience. He thought,"I am vegetarian and the Guru's Sikhs eat meat. They are killers of animals and are cruel. It is not proper for me to go to the Guru whose Sikhs are of this type."

At the time of his evening meal, his vegetarian food was brought to him. As usual he placed the food before the deity and prayed for its acceptance. When he removed the cloth covering the plate to offer it to the idol, he saw meat in the food. He was greatly surprised and wondered where from the meat had come in this vegetarian food. After thinking a lot, he realised, "This miracle has been shown by the all knowing Guru to teach me. The difference between meat and vegetables is created by my mind itself. Meat and vegetables are the same for the deity. He Himself, is the creator of both. He Himself, partakes of both. Then why should I entangle myself in the fallacies about meat and vegetables ? I shall go and have an audience with the Guru who knows everything."

The next morning, Malook Dass went to the Guru for an audience. Guru Tegh Bahadur called him by his side with great respect and asked, "Malook Dass ! Is there any other apprehension in your mind ? Get it cleared today." He replied, "You have dispelled all the doubts of my mind. Please come to my place and give me a chance to serve you."

The Guru accepted the request of Malook Dass. He himself, escorted the Guru from his camp to his hermitage. He prepared meals and placing food before the Guru said, "I am offering food to a living God today. Prior to it, I have been offering meals only to stone idols all my life. With your kindness, idol-worship now seems to me a child's play. With your blessings, I have achieved the goal of my life."

# ਗੁਰੂ ਜੀ ਬਨਾਰਸ ਵਿਚ

ਗੁਰੂ ਤੇਗ਼ ਬਹਾਦਰ ਜੀ, ਮਲੂਕ ਦਾਸ ਦਾ ਭਰਮ ਦੂਰ ਕਰ ਕੇ ਅਲਾਹਾਬਾਦ ਹੁੰਦੇ ਹੋਏ ਬਨਾਰਸ ਪੁੱਜੇ। ਇਸ ਥਾਂ ਭਾਈ ਜਵੇਹਰੀ ਮੱਲ ਬਹੁਤ ਸਮੇਂ ਤੋਂ ਸਿੱਖੀ ਦਾ ਪ੍ਰਚਾਰ ਕਰ ਰਿਹਾ ਸੀ। ਇਕ ਦਿਨ ਅੰਮ੍ਰਿਤ ਵੇਲੇ ਉਸਦੇ ਹੱਥ ਵਿਚ ਪਰਨਾ ਅਤੇ ਹੋਰ ਕੱਪੜੇ ਦੇਖ ਕੇ ਗੁਰੂ ਜੀ ਨੇ ਪੁੱਛਿਆ, "ਭਾਈ ਜੀ, ਤੁਸੀਂ ਕਿੱਥੇ ਚੱਲੇ ਹੋ ?" ਉਸ ਨੇ ਉੱਤਰ ਦਿੱਤਾ, "ਸੱਚੇ ਪਾਤਸ਼ਾਹ! ਮੈਂ ਗੰਗਾ ਵਿਚ ਇਸ਼ਨਾਨ ਕਰਨ ਜਾ ਰਿਹਾ ਹਾਂ।" ਗੁਰੂ ਜੀ ਨੇ ਕਿਹਾ, "ਸਿੱਖਾਂ ਲਈ ਸਾਧ ਸੰਗਤ ਹੀ ਗੰਗਾ ਤੀਰਥ ਹੈ। ਉਹ ਗੰਗਾ ਆਪ ਚੱਲ ਕੇ ਨਹੀਂ ਜਾਂਦੇ, ਸਗੋਂ ਗੰਗਾ ਉਨ੍ਹਾਂ ਪਾਸ ਚੱਲ ਕੇ ਆਉਂਦੀ ਹੈ। ਜਿੱਥੇ ਤੁਸੀਂ ਖੜ੍ਹੇ ਹੋ, ਇਸ ਥਾਂ ਵੀ ਗੰਗਾ ਆਪ ਦੇ ਪਾਸ ਆਈ ਹੈ। ਤੁਸੀਂ ਪੱਥਰ ਉਠਾ ਕੇ ਭਾਵੇਂ ਦੇਖ ਲਵੋ।" ਭਾਈ ਜਵੇਹਰੀ ਮੱਲ ਨੇ ਜਦੋਂ ਪੱਥਰ ਚੁੱਕਿਆ ਤਾਂ ਉਸ ਥਾਂ ਤੋਂ ਗੰਗਾ ਦੇ ਨੀਰ ਵਰਗਾ ਸਾਫ਼ ਜਲ ਵਗ ਤੁਰਿਆ, ਜਿਹੜਾ ਹੁਣ ਤਕ ਵਹਿ ਰਿਹਾ ਹੈ।

ਬਨਾਰਸ ਦੇ ਲੋਕਾਂ ਜਦੋਂ ਸਿੱਖ ਪਾਸ ਗੰਗਾ ਦਾ ਆਉਣਾ ਸੁਣਿਆ ਤਾਂ ਉਹ ਦੂਰ ਦੂਰ ਤੋਂ ਗੁਰੂ ਜੀ ਦੇ ਦਰਸ਼ਨਾਂ ਲਈ ਪੁੱਜਣ ਲੱਗੇ। ਇਕ ਦਿਨ ਅੰਮ੍ਰਿਤ ਵੇਲੇ, ਕੀਰਤਨ ਸਮੇਂ, ਇਕ ਕੋਹੜੀ ਰਿੜ੍ਹਦਾ ਰਿੜ੍ਹਦਾ ਦੀਵਾਨ ਵਿਚ ਆ ਗਿਆ। ਉਸ ਨੇ ਗੁਰੂ ਜੀ ਅੱਗੇ ਬੇਨਤੀ ਕੀਤੀ, "ਮੈਨੂੰ ਇਸ ਰੋਗ ਤੋਂ ਛੁਡਾਉ। ਮੈਂ ਇਸ ਰੋਗ ਨਾਲ ਅਤਿ ਦੁਖੀ ਹਾਂ।" ਗੁਰੂ ਜੀ ਨੇ ਕੀਰਤਨੀਆਂ ਨੂੰ ਹੇਠ ਲਿਖੇ ਸ਼ਬਦ ਦਾ ਕੀਰਤਨ ਕਰਨ ਦਾ ਹੁਕਮ ਦਿੱਤਾ।

**ਹਰਿ ਕੋ ਨਾਮੁ ਸਦਾ ਸੁਖਦਾਈ ॥**
**ਜਾ ਕਉ ਸਿਮਰਿ ਅਜਾਮਲੁ ਉਧਰਿਓ ਗਨਕਾ ਹੂ ਗਤਿ ਪਾਈ ॥**

*(ਮਾਰੂ ਮਹਲਾ ੯ ਪੰਨਾ ੧੦੦੮)*

ਸ਼ਬਦ ਦੀ ਸਮਾਪਤੀ ਉਪ੍ਰੰਤ ਕੋਹੜੀ ਦਾ ਕੋਹੜ ਦੂਰ ਹੋ ਗਿਆ। ਗੁਰੂ ਜੀ ਨੇ ਉਸ ਨੂੰ ਕਿਹਾ, "ਇਸ ਨਾਮ ਦੇ ਸੁਣਨ ਨਾਲ ਤੇਰਾ ਦੁੱਖ ਦੂਰ ਹੋ ਗਿਆ ਹੈ। ਜੇ ਤੂੰ ਪਹਿਲਾਂ ਨਾਮ ਜਪਿਆ ਹੁੰਦਾ ਤਾਂ ਤੈਨੂੰ ਇਹ ਰੋਗ ਨਾ ਲਗਦਾ ਅਤੇ ਤੂੰ ਦੁੱਖ ਨਾ ਭੋਗਦਾ। ਜਿਨ੍ਹਾਂ ਨੇ ਨਾਮ ਜਪਿਆ ਉਨ੍ਹਾਂ ਦੀ ਇੱਜ਼ਤ ਪ੍ਰਭੂ ਨੇ ਆਪ ਰੱਖੀ ਹੈ। ਕੋਹੜੀ ਦਾ ਰੋਗ, ਗੁਰੂ ਦੀ ਸੰਗਤ ਵਿਚ ਨਾਮ ਸੁਣਨ ਨਾਲ, ਕੁਝ ਦਿਨਾਂ ਵਿਚ ਹੀ ਦੂਰ ਹੋ ਗਿਆ ਅਤੇ ਉਹ ਗੁਰੂ ਜੀ ਦੇ ਗੁਣ ਗਾਉਂਦਾ ਆਪਣੇ ਘਰ ਚਲਿਆ ਗਿਆ।

ਗੁਰੂ ਜੀ ਬਨਾਰਸ ਵਿਚ ਹੀ ਬਿਰਾਜ ਰਹੇ ਸਨ ਕਿ ਇਕ ਦਿਨ ਕੁਝ ਪੰਡਤਾਂ ਨੇ ਆ ਕੇ ਗੁਰੂ ਜੀ ਨੂੰ ਸਵਾਲ ਕੀਤਾ, "ਆਦਮੀ ਸਿਆਣਾ ਹੁੰਦੇ ਹੋਏ ਵੀ ਮਾੜੇ ਕੰਮਾਂ ਵੱਲ ਕਿਉਂ ਭੱਜ ਤੁਰਦਾ ਹੈ ?" ਗੁਰੂ ਜੀ ਨੇ ਉੱਤਰ ਦਿੱਤਾ, "ਜੇ ਆਦਮੀ ਮਨਮੁਖ ਹੋਵੇ ਤਾਂ ਉਸ ਦੀ ਸਿਆਣਪ ਕੰਮ ਨਹੀਂ ਕਰਦੀ, ਕਿਉਂਕਿ ਮਨ ਨੂੰ ਪੰਜ ਚੋਰਾਂ; ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਨੇ ਘੇਰਿਆ ਹੋਇਆ ਹੈ। ਇਨ੍ਹਾਂ ਚੋਰਾਂ ਤੋਂ ਸਿਰਫ਼ ਨਾਮ ਹੀ ਬਚਾਅ ਸਕਦਾ ਹੈ।"

ਪੰਡਤਾਂ ਕਿਹਾ, "ਜੋ ਕੁਝ ਪੋਥੀਆਂ ਵਿਚ ਲਿਖਿਆ ਹੈ, ਅਸੀਂ ਉਹ ਰੋਜ਼ ਪੜ੍ਹਦੇ ਰਹਿੰਦੇ ਹਾਂ।" ਗੁਰੂ ਜੀ ਨੇ ਦੱਸਿਆ, "ਧਰਮ ਵਿਚ ਕਹਿਣੀ ਨਹੀਂ, ਕਰਨੀ ਪ੍ਰਧਾਨ ਹੈ। ਧਰਮ ਦੀਆਂ ਪੋਥੀਆਂ ਪੜ੍ਹ ਕੇ ਉਨ੍ਹਾਂ ਦੀ ਵਿਚਾਰ ਕਰ ਕੇ, ਉਨ੍ਹਾਂ ਉੱਪਰ ਜੀਵਨ ਢਾਲਣਾ ਧਰਮ ਹੈ। ਉਨ੍ਹਾਂ ਉੱਪਰ ਵਿਚਾਰ ਕਰਨਾ ਜ਼ਰੂਰੀ ਹੈ, ਪਰ ਵਾਦ-ਵਿਵਾਦ ਵਿਚ ਪੈਣਾ ਹੰਕਾਰ ਪੈਦਾ ਕਰ ਦਿੰਦਾ ਹੈ।" ਇਸ ਤਰ੍ਹਾਂ ਦੇ ਹੋਰ ਸ਼ੰਕੇ ਦੂਰ ਕਰ ਕੇ, ਪੰਡਤ ਬੜੇ ਖ਼ੁਸ਼ ਹੋ ਕੇ ਵਾਪਸ ਮੁੜੇ।

## ਗੁਰੂ ਜੀ ਬਨਾਰਸ ਵਿਚ

## The Guru in Banaras



# *The Guru in Banaras*

After dispelling the doubt of Malook Dass, Guru Tegh Bahadur reached Banaras via Allahabad. There Bhai Jwehri Mall had been preaching Guru Nanak's teachings for a long time. One early morning, seeing underwear and other clothes in his hand, the Guru asked him, "Brother ! Where are you going ?" He replied, "O my true King ! I am going to bathe in the river Ganges." The Guru said, "Society of the holymen is the place of pilgrimage for the Sikhs, not the river Ganges. They do not go to the Ganges, the Ganges flows to them. The Ganges has come to you at the place you are now standing. You may lift the stones and see it for yourself." When Bhai Jwehri Mall removed the stones, clear water like that of the river Ganges began flowing, which flows even to this day.

When the people of Banaras heard of the Ganges coming to the Sikh, they started coming for an audience with the Guru from far and near. One day at the time of the morning recital, a leper crawled to the congregation. He prayed to the Guru, "Please rid me of this disease. I am suffering a lot due to this disease." The Guru asked the musicians to recite the following hymn :

*The name of the Lord is the eternal source of comfort.*
*Reciting of which by devotion caused deliverance of Aja*
*Mall and Ganika attained realization.* *(Raag Maru M. 1, p.1008)*

At the conclusion of the hymn, the pain of the leper was gone. The Guru said to him, "Listening to the praise of the Lord has cured you of the pain. Had you remembered earlier, you would not have got this disease and suffered. God Himself, has preserved the honour of those who have kept Him in their minds." By listening to the holy Word, the leper was cured in a few days and went back to his place singing the praises of the Guru.

The Guru was staying at Banaras, when, one day, some Pandits came and asked, "Why does a man run after bad deeds in spite of his wisdom ?" The Guru replied, "If the man is guided by his mind, then his wisdom is of no avail because mind is surrounded by the five thieves—lust, anger, greed, attachment and ego. Only the Name of God can save one from these thieves."

The Pandits said, "We read daily what is written in the scriptures." He told them, "In faith it is your deed that is important, not your readings. Reading the scriptures, understanding them and moulding your life accordingly is the real faith." Getting many doubts cleared, the Pandits returned happily.

ਭਾਈ ਫੱਗੂ ਦੀ ਨਿਮਰਤਾ

Courtesy of Bhai Phag



# ਭਾਈ ਫੱਗੂ ਦੀ ਨਿਮਰਤਾ

ਗੁਰੂ ਤੇਗ਼ ਬਹਾਦਰ ਜੀ ਬਨਾਰਸ ਤੋਂ ਚੱਲ ਕੇ ਸਸਰਾਮ ਸ਼ਹਿਰ ਪੁੱਜੇ, ਜਿੱਥੇ ਗੁਰੂ ਘਰ ਦਾ ਸ਼ਰਧਾਲੂ ਫੱਗੂ ਰਹਿੰਦਾ ਸੀ। ਉਸ ਨੇ ਆਪਣਾ ਨਵਾਂ ਮਕਾਨ ਬਣਾਉਣ ਲੱਗੇ, ਬਾਹਰ ਦਾ ਦਰਵਾਜ਼ਾ ਬਹੁਤ ਵੱਡਾ ਅਤੇ ਅੰਦਰ ਬਹੁਤ ਵੱਡਾ ਵਿਹੜਾ ਰੱਖਿਆ। ਲੋਕਾਂ ਨੇ ਵੱਡਾ ਦਰਵਾਜ਼ਾ ਅਤੇ ਵੱਡਾ ਵਿਹੜਾ ਦੇਖ ਕੇ ਉਸ ਨੂੰ ਇਸ ਤਰ੍ਹਾਂ ਕਰਨ ਦਾ ਕਾਰਨ ਪੁੱਛਿਆ। ਉਸ ਨੇ ਉੱਤਰ ਦਿੱਤਾ, "ਜਦੋਂ ਗੁਰੂ ਜੀ ਮੇਰੇ ਇਸ ਮਕਾਨ ਵਿਚ ਚਰਨ ਪਾਉਣਗੇ ਤਾਂ ਉਨ੍ਹਾਂ ਨੂੰ ਘੋੜੇ ਤੋਂ ਉਤਰਨਾ ਨਾ ਪਵੇ, ਸਿੱਧੇ ਘੋੜੇ ਉੱਪਰ ਅਸਵਾਰ ਅੰਦਰ ਵਿਹੜੇ ਵਿਚ ਲੰਘ ਆਉਣ। ਇਹ ਵੱਡਾ ਵਿਹੜਾ ਸੰਗਤ ਲਈ ਹੈ ਜਿਹੜੀ ਉਨ੍ਹਾਂ ਦੇ ਦਰਸ਼ਨਾਂ ਲਈ ਇੱਥੇ ਇਕੱਠੀ ਹੋਵੇਗੀ।" ਇਹ ਸੁਣ ਕਿਸੇ ਨੇ ਕਿਹਾ, "ਤੇਰੇ ਗੁਰੂ ਤਾਂ ਪੰਜਾਬ ਵਿਚ ਹਨ। ਉਹ ਇਸ ਸ਼ਹਿਰ ਵਿਚ ਕਿਵੇਂ ਆ ਸਕਦੇ ਹਨ?" ਫੱਗੂ ਨੇ ਉੱਤਰ ਦਿੱਤਾ, "ਉਹ ਜਾਣੀ-ਜਾਣ ਹਨ। ਮੇਰੇ ਮਨ ਦੀ ਭਾਵਨਾ ਨੂੰ ਉਹ ਸਮਝਦੇ ਹਨ। ਉਹ ਜ਼ਰੂਰ ਮੇਰੇ ਮਕਾਨ ਵਿਚ ਚਰਨ ਪਾਉਣਗੇ।"

ਉਹ ਦਿਨ ਆ ਗਿਆ ਜਦੋਂ ਗੁਰੂ ਜੀ ਆਪਣੇ ਸਿੱਖ ਦੀ ਭਾਵਨਾ ਪੂਰੀ ਕਰਨ ਲਈ, ਘੋੜੇ ਉੱਪਰ ਅਸਵਾਰ, ਉਸ ਦੇ ਘਰ ਦੇ ਵਿਹੜੇ ਵਿਚ ਜਾ ਦਾਖ਼ਲ ਹੋਏ। ਫੱਗੂ ਗੁਰੂ ਜੀ ਨੂੰ ਦੇਖ ਫੁੱਲ ਵਾਂਗ ਖਿੜ ਗਿਆ। ਫੱਗੂ ਨੇ ਗੁਰੂ ਜੀ ਲਈ ਪਲੰਘ ਵਿਛਾ ਦਿੱਤਾ ਅਤੇ ਗੁਰੂ ਜੀ ਅੱਗੇ ਬਿਰਾਜਣ ਲਈ ਬੇਨਤੀ ਕੀਤੀ। ਦਰਸ਼ਨਾਂ ਨੂੰ ਆਈ ਸੰਗਤ ਉਸ ਵੱਡੇ ਵਿਹੜੇ ਵਿਚ ਜੁੜਨ ਲੱਗੀ। ਫੱਗੂ ਨੇ ਸਿੱਖ ਸੰਗਤਾਂ ਪਾਸੋਂ ਇਕੱਠੀ ਹੋਈ ਦਸਵੰਧ ਅਤੇ ਭੇਟ ਗੁਰੂ ਜੀ ਅੱਗੇ ਰੱਖ ਕੇ ਮੱਥਾ ਟੇਕਿਆ। ਗੁਰੂ ਜੀ ਨੇ ਫੱਗੂ ਨੂੰ ਪੁੱਛਿਆ, "ਕੁਝ ਹੋਰ ਰਹਿ ਤਾਂ ਨਹੀਂ ਗਿਆ ਜਿਹੜਾ ਕਿਸੇ ਸਿੱਖ ਨੇ ਭੇਟ ਕੀਤਾ ਹੋਵੇ?"

ਫੱਗੂ ਗੁਰੂ ਜੀ ਦਾ ਇਸ ਤਰ੍ਹਾਂ ਪੁੱਛਣਾ ਸੁਣ ਕੇ ਬਹੁਤ ਹੈਰਾਨ ਹੋਇਆ। ਉਹ ਹਮੇਸ਼ਾ ਸਿੱਖਾਂ ਪਾਸੋਂ ਆਈ ਹਰ ਵਸਤੂ ਗੁਰੂ ਜੀ ਨੂੰ ਭੇਜਦਾ ਰਿਹਾ ਸੀ ਅਤੇ ਜਿਹੜੀ ਮਾਇਆ ਪਿੱਛੋਂ ਇਕੱਠੀ ਹੋਈ ਸੀ, ਉਹ ਹੁਣ ਉਸ ਨੇ ਗੁਰੂ ਜੀ ਅੱਗੇ ਰੱਖ ਦਿੱਤੀ ਸੀ। ਜਦੋਂ ਫੱਗੂ ਨੇ ਕੋਈ ਜਵਾਬ ਨਾ ਦਿੱਤਾ ਤਾਂ ਗੁਰੂ ਜੀ ਨੇ ਉਸ ਨੂੰ ਪੁੱਛਿਆ, "ਭਾਈ, ਇਹ ਬੇਰੀ ਤੇਰੇ ਪਾਸ ਕਿਥੋਂ ਆਈ ਸੀ ਜਿਹੜੀ ਤੇਰੇ ਦਰਵਾਜ਼ੇ ਦੇ ਬਾਹਰ ਉੱਗੀ ਹੋਈ ਹੈ? ਇਸ ਨੂੰ ਬੇਰ ਵੀ ਲੱਗੇ ਹੋਏ ਹਨ।"

ਗੁਰੂ ਜੀ ਦੇ ਦੱਸਣ ਉਪ੍ਰੰਤ ਫੱਗੂ ਨੂੰ ਯਾਦ ਆ ਗਿਆ। ਉਸ ਨੇ ਕਿਹਾ, "ਗੁਰੂ ਜੀ, ਇਕ ਵਾਰੀ ਮੈਂ ਇਕ ਸਿੱਖ ਦੇ ਘਰ ਦਸਵੰਧ ਲੈਣ ਲਈ ਗਿਆ। ਉਸ ਸਿੱਖ ਦੇ ਘਰ ਦੇਣ ਲਈ ਕੁਝ ਵੀ ਨਹੀਂ ਸੀ। ਉਸ ਦੀ ਪਤਨੀ ਨੇ ਕਿਹਾ, 'ਭਾਈ ਜੀ, ਤੁਸੀਂ ਫਿਰ ਕਦੇ ਆ ਜਾਣਾ। ਜੋ ਕੁਝ ਸਾਥੋਂ ਸਰ ਸਕਿਆ ਲੈ ਜਾਣਾ।' ਮੈਂ ਕਿਹਾ, 'ਮੈਂ ਖ਼ਾਲੀ ਨਹੀਂ ਜਾਣਾ।' ਉਸ ਬੀਬੀ ਨੇ ਕਿਹਾ, 'ਮੇਰੇ ਪਾਸ ਤਾਂ ਸਿਰਫ਼ ਇਹ ਕੂੜਾ ਹੈ। ਇਹ ਲੈ ਜਾਵੋ।' ਮੈਂ ਕਿਹਾ, 'ਮੇਰੀ ਝੋਲੀ ਵਿਚ ਇਹ ਹੀ ਪਾ ਦੇਵੋ।' ਉਸ ਬੀਬੀ ਨੇ ਉਹ ਕੂੜਾ ਮੇਰੀ ਝੋਲੀ ਵਿਚ ਪਾ ਦਿੱਤਾ। ਮੈਂ ਉਹ ਕੂੜਾ ਘਰ ਲੈ ਆਇਆ ਅਤੇ ਉਸ ਨੂੰ ਧੋਤਾ। ਉਸ ਵਿਚੋਂ ਇਕ ਗਿਟਕ ਨਿਕਲੀ ਜਿਹੜੀ ਮੈਂ ਬੀਜ ਦਿੱਤੀ। ਇਹ ਮੇਰੀ ਭੁੱਲ ਹੈ ਕਿ ਮੈਂ ਉਸ ਬੇਰੀ ਦੇ ਬੇਰ ਆਪ ਨੂੰ ਨਹੀਂ ਭੇਜੇ।"

ਗੁਰੂ ਜੀ ਨੇ ਕਿਹਾ, "ਫੱਗੂ, ਤੂੰ ਸਿੱਖੀ ਅਪਣਾ ਲਈ ਹੈ। ਮੈਂ ਤੇਰੇ ਉੱਪਰ ਬਹੁਤ ਖ਼ੁਸ਼ ਹਾਂ, ਜਿਸ ਨੇ ਇਕ ਸਿੱਖ ਦੇ ਔਗੁਣਾਂ ਨੂੰ ਨਹੀਂ ਚਿਤਾਰਿਆ। ਤੇਰੇ ਵਰਗੇ ਸੇਵਾਦਾਰ ਹੀ ਹਨ ਜਿਹੜੇ ਸੇਵਾ ਕਰ ਕੇ ਗੁਰੂ ਦੀ ਸਿੱਖੀ ਨੂੰ, ਇਕ ਗਿਟਕ ਤੋਂ ਇਕ ਵੱਡਾ ਰੁੱਖ ਬਣਾ ਰਹੇ ਹਨ।"

# *Courtesy of Bhai Phaggu*

Leaving Banaras, Guru Tegh Bahadur reached Sasram city where Phaggu, a devotee of the Guru's institution lived. While constructing his new house, he kept a very wide front door and a large courtyard. The people seeing the wide door and large courtyard asked him the reason for it. He replied, "When the Guru comes to my house, he may not have to dismount from his horse but enter straight into the courtyard. This large courtyard is to accommodate the devotees who will come for his audience." Someone hearing this said, "Your Guru is far away in Punjab. How can he come to this city ?" Phaggu replied, "He knows everything. He can read the feelings in my heart. He is sure to honour me by setting his feet in my house."

The day came when the Guru entered the courtyard of his house, riding, to fulfil the desire of his Sikh. Phaggu was overjoyed to see the Guru. Phaggu spread a bed and requested the Guru to adorn it. Devotees began to gather in the large courtyard for an audience. Phaggu offered the tithe and other presents brought by the devotees and paid obeisance. The Guru asked Phaggu, "Has anything brought by a Sikh been left out ?"

Phaggu was taken aback at this question of the Guru. He had always sent the collections from the Sikhs to the Guru and the money and material collected afterwards was being offered now. When Phaggu did not reply, the Guru asked him, "Bhai, where from has this ber tree laden with fruits standing in front of your door come ?"

Phaggu recollected the fact after the Guru had told him. He said, "Respected Guru, once I went to the house of a Sikh to collect tithe. That Sikh had nothing in his house to offer. His wife said, 'Bhai, please come again sometime. You will get whatever we may afford.' I said, 'I won't go empty-handed.' She said, 'I have only got this rubbish. You may take this.' I said, 'Please put it in my bag.' She put the rubbish in my bag. I brought it to my house and washed it. I found a stone of ber in it which I planted. It is my fault that I did not sent the fruit of this tree to you."

The Guru said, "Phaggu, you have adopted Sikh thought completely. I am very pleased with you. You did not mind the shortcoming of a Sikh. It is Sikhs like you who are nourshing Sikhism from a seed to a big tree with their devotion."



WWW.SIKHBOOKCLUB.COM 

# ਗਯਾ ਦੇ ਮਤਲਬੀ ਬ੍ਰਾਹਮਣ

ਗੁਰੂ ਤੇਗ਼ ਬਹਾਦਰ ਜੀ ਫੱਗੂ ਦੇ ਮਨ ਦੀ ਭਾਵਨਾ ਪੂਰੀ ਕਰ ਕੇ ਗਯਾ ਨਗਰ ਪੁੱਜੇ। ਆਪ ਨੇ ਫਲਗੂ ਨਦੀ ਕਿਨਾਰੇ ਬਾਹਮਣੀ ਘਾਟ ਉੱਪਰ ਡੇਰਾ ਕੀਤਾ। ਗਯਾ ਦੇ ਬ੍ਰਾਹਮਣ ਸੂਤ੍ਰ ਦੇ ਜੰਞੂ ਲੈ ਕੇ ਗੁਰੂ ਜੀ ਪਾਸ ਪਹੁੰਚ ਗਏ ਅਤੇ ਪਹਿਨਣ ਲਈ ਬੇਨਤੀ ਕੀਤੀ। ਗੁਰੂ ਜੀ ਨੇ ਉਨ੍ਹਾਂ ਨੂੰ ਸੂਤ੍ਰ ਦੇ ਜੰਞੂ ਤਿਆਗ ਕੇ ਸੱਚੇ ਨਾਮ ਦੇ ਸੂਤਰ ਵਿਚ ਪਰੋਏ ਜਾਣ ਦੀ ਪ੍ਰੇਰਨਾ ਕੀਤੀ, ਜਿਸ ਦੇ ਪਹਿਨਣ ਨਾਲ ਜਨਮ ਮਰਨ ਦੇ ਦੁੱਖ ਖ਼ਤਮ ਹੋ ਜਾਂਦੇ ਹਨ ਅਤੇ ਪ੍ਰਭੂ ਨਾਲ ਮੇਲ ਹੋ ਜਾਂਦਾ ਹੈ।

ਬ੍ਰਾਹਮਣਾਂ ਦੇਖ ਲਿਆ ਕਿ ਗੁਰੂ ਜੀ ਜੰਞੂ ਪਹਿਨਣ ਲਈ ਤਿਆਰ ਨਹੀਂ ਤਾਂ ਉਨ੍ਹਾਂ ਗੁਰੂ ਜੀ ਨੂੰ ਆਪਣੇ ਪਿੱਤਰਾਂ ਨਮਿੱਤ ਪਿੰਡ ਭਰਾਉਣ ਦੀ ਬੇਨਤੀ ਕੀਤੀ। ਪਿੰਡ ਭਰਾਉਣਾ, ਹਿੰਦੂ ਲੋਕਾਂ ਵਿਚ ਇਕ ਪੁਰਾਣੀ ਰੀਤ ਚਲੀ ਆ ਰਹੀ ਹੈ, ਜਿਸ ਵਿਚ ਜੌਂਵਾਂ ਦੇ ਆਟੇ ਦੇ ਪੇੜੇ ਬਣਾ ਕੇ, ਬ੍ਰਾਹਮਣਾਂ ਪਾਸੋਂ ਪੂਜਾ ਪਾਠ ਕਰਵਾ ਕੇ ਅਤੇ ਫਿਰ ਉਨ੍ਹਾਂ ਪੇੜਿਆਂ ਨੂੰ ਫਲਗੂ ਨਦੀ ਵਿਚ ਪਾ ਦਿੱਤਾ ਜਾਂਦਾ ਹੈ, ਜਿਨ੍ਹਾਂ ਨੂੰ ਪਾਣੀ ਵਿਚ ਰਹਿਣ ਵਾਲੇ ਜੀਵ ਖਾ ਜਾਂਦੇ ਹਨ। ਪਿੰਡ ਭਰਾਉਣ ਵਾਲਾ ਸਮਝਦਾ ਹੈ ਕਿ ਉਸਦੇ ਪੇੜੇ ਉਨ੍ਹਾਂ ਦੇ ਰਿਸ਼ਤੇਦਾਰਾਂ ਪਾਸ ਪਿੱਤਰ-ਲੋਕ ਵਿਚ ਪਹੁੰਚ ਗਏ ਹਨ ਜਿਵੇਂ ਕਿ ਬ੍ਰਾਹਮਣ ਉਨ੍ਹਾਂ ਨੂੰ ਦੱਸਦੇ ਹਨ।

ਗੁਰੂ ਜੀ ਨੇ ਉਨ੍ਹਾਂ ਨੂੰ ਕਿਹਾ, "ਸਾਡੇ ਪਿੱਤਰ ਤਾਂ ਪਹਿਲਾਂ ਹੀ ਸੱਚਖੰਡ ਵਿਚ ਹਨ। ਉਨ੍ਹਾਂ ਨੂੰ ਇਸ ਆਟੇ ਦੇ ਪੇੜਿਆਂ ਦੀ ਲੋੜ ਨਹੀਂ। ਜਦੋਂ ਉਹ ਸੱਚਖੰਡ ਵਿਚ ਹਨ ਤਾਂ ਉਨ੍ਹਾਂ ਨੂੰ ਪ੍ਰੇਤਾਂ ਦੀ ਤਰ੍ਹਾਂ ਬੁਲਾਉਣਾ ਠੀਕ ਨਹੀਂ। ਤੁਸਾਂ ਦਾ ਮਤ ਕਹਿੰਦਾ ਹੈ ਕਿ ਜਿਸ ਨੇ ਇਸ ਨਦੀ ਵਿਚ ਪੈਰ ਪਾ ਦਿੱਤਾ ਉਸ ਦੇ ਪਿੱਤਰ ਤਰ ਜਾਂਦੇ ਹਨ। ਫਿਰ ਤੁਸੀਂ ਸਾਨੂੰ ਪਿੰਡ ਭਰਾਉਣ ਲਈ ਕਿਉਂ ਕਹਿੰਦੇ ਹੋ ?" ਉਨ੍ਹਾਂ ਕਿਹਾ, "ਤੁਸੀਂ ਸੱਚ ਕਹਿੰਦੇ ਹੋ। ਜੇ ਅਸੀਂ ਇਸ ਤਰ੍ਹਾਂ ਨਾ ਕਰੀਏ ਤਾਂ ਅਸੀਂ ਆਪਣੇ ਪੇਟ ਕਿਵੇਂ ਭਰਾਂਗੇ ਅਤੇ ਬੱਚੇ ਕਿਵੇਂ ਪਾਲਾਂਗੇ ?" ਗੁਰੂ ਜੀ ਨੇ ਦੇਖ ਲਿਆ ਕਿ ਉਨ੍ਹਾਂ ਦੇ ਮਨ ਵਿਚ ਲੋਕ-ਭਲਾਈ ਦਾ ਕੋਈ ਵਿਚਾਰ ਨਹੀਂ। ਉਨ੍ਹਾਂ ਨੂੰ ਸੱਚੇ ਗਿਆਨ ਦੀ ਪ੍ਰਾਪਤੀ ਦੀ ਭੁੱਖ ਨਹੀਂ। ਉਨ੍ਹਾਂ ਨੂੰ ਤਾਂ ਸਿਰਫ਼ ਮਾਇਆ ਦੀ ਹੀ ਭੁੱਖ ਸੀ। ਗੁਰੂ ਜੀ ਨੇ ਉਨ੍ਹਾਂ ਨੂੰ ਮਾਇਆ ਦੇ ਦਿੱਤੀ ਅਤੇ ਕਿਹਾ, "ਤੁਸਾਂ ਦੀ ਹਾਲਤ ਉੱਪਰ ਤਰਸ ਕਰ ਕੇ ਇਹ ਮਾਇਆ ਦੇ ਰਹੇ ਹਾਂ। ਦਾਨ ਜਾਂ ਪੁੰਨ ਵਜੋਂ ਇਹ ਭੇਟ ਨਾ ਸਮਝ ਲੈਣਾ।" ਬ੍ਰਾਹਮਣ ਮਾਇਆ ਲੈ ਕੇ ਖ਼ੁਸ਼ ਹੋ ਗਏ।

ਗੁਰੂ ਜੀ ਗਯਾ ਤੋਂ ਪਟਨੇ ਸ਼ਹਿਰ ਨੂੰ ਜਾਂਦੇ ਹੋਏ ਕਰਮ ਨਾਸ਼ ਨਦੀ ਨੂੰ ਪਾਰ ਕਰਨ ਲੱਗੇ। ਉਸ ਨਦੀ ਕੰਢੇ ਬੈਠੇ ਬ੍ਰਾਹਮਣਾਂ ਗੁਰੂ ਜੀ ਪਾਸ ਆ ਕੇ ਕਿਹਾ, "ਜਿਹੜਾ ਪ੍ਰਾਣੀ ਇਸ ਨਦੀ ਵਿਚ ਇਸ਼ਨਾਨ ਕਰਦਾ ਹੈ, ਉਸ ਦੇ ਸਾਰੇ ਮਾੜੇ ਕਰਮ ਨਾਸ਼ ਹੋ ਜਾਂਦੇ ਹਨ।" ਗੁਰੂ ਜੀ ਨੇ ਕਿਹਾ, "ਇਸ ਨਦੀ ਵਿਚ ਇਸ਼ਨਾਨ ਕਰਨ ਦਾ ਮਾੜੇ ਕਰਮਾਂ ਉੱਤੇ ਕੋਈ ਅਸਰ ਨਹੀਂ ਹੁੰਦਾ। ਅੱਗੇ ਲਈ ਇਹ ਨਦੀ ਕਰਮ ਨਾਸ਼ ਦੀ ਥਾਂ ਕੁਕਰਮ ਨਾਸ਼ ਨਾਮ ਨਾਲ ਜਾਣੀ ਜਾਵੇਗੀ। ਕੁਕਰਮਾਂ ਦਾ ਨਾਸ਼ ਸਾਧ ਸੰਗਤ ਵਿਚ ਹੁੰਦਾ ਹੈ ਜਿੱਥੇ ਉਸ ਪ੍ਰਮਾਤਮਾ ਦੇ ਗੁਣ ਗਾਏ ਜਾਂਦੇ ਹਨ।" ਗੁਰੂ ਜੀ ਦੇ ਬਚਨਾਂ ਨਾਲ ਉਹ ਨਦੀ ਉਸ ਦਿਨ ਤੋਂ ਕੁਕਰਮ ਨਾਸ਼ ਦੇ ਨਾਂ ਨਾਲ ਪੁਕਾਰੀ ਜਾਂਦੀ ਹੈ।



ਗਯਾ ਦੇ ਮਤਲਬੀ ਬ੍ਰਾਹਮਣ

Selfish Brahmins at Gaya

# Selfish Brahmins at Gaya

Having fulfilled the wish of Phaggu, Guru Tegh Bahadur reached the city of Gaya. He set his camp at Bahmini Ghat on the bank of river Phalgu. The Brahmins of Gaya came to the Guru with the sacred thread and requested him to wear that. The Guru urged them to shun the cotton thread and get stringed in the thread of the True Name by which the pangs of birth and death come to an end and union with God is attained.

When the Brahmins saw that the Guru was not convinced to wear the cotton thread, they requested him to perform the 'Pind'. Filling 'Pind' is an old rite prevalent in Hindus in which balls of barley flour are made and after ritual and incantation by the Brahmins are thrown in the Phalgu river where those are eaten by creatures living in water. The person performing 'Pind' believes that the balls thrown by him, have reached his ancestors in the next world as told by the Brahmins.

The Guru said to them, "My ancestors are already in the Sach Khand (the place of the Lord) and they do not need these balls of flour. It is not right to call them like evil spirits when they are one with the Lord. It is your belief that the ancestors of those who set feet in this river attain salvation. Why do you ask us to perform Pind ?" They said, "What you say is true. If we don't adopt these tricks, we won't be able to earn our living and bring up our children." The Guru came to the conclusion that these Brahmins had no interest in the welfare of the people. They only wanted money. The Guru gave them money and said, "I am giving this money out of pity on your condition. Do not consider it as an offering on account of charity or virtuous deeds." The Brahmins were pleased on getting money.

On his way from Gaya to Patna, the Guru began to cross the river Karam Nash. Brahmins sitting on the banks of that river came to the Guru and said, "You should bathe in this river as the effects of misdeeds of the one who bathes in this river come to an end." The Guru said, "A dip in this river has no effect, what-so-ever towards the destruction of the effects of previous misdeeds. The effects of misdeeds are destroyed in the company of the holymen where praises of the Lord are sung. From now onwards this river will be called by the name Kukaram Nash (destroyer of misdeeds) instead of Karam Nash (destroyer of deeds). By the word of the Guru that river is known as Kukaram Nash since that day.



Bhai Jagta of Patna

ਪਟਨੇ ਦਾ ਭਾਈ ਜਗਤਾ

# ਪਟਨੇ ਦਾ ਭਾਈ ਜਗਤਾ

ਗੁਰੂ ਤੇਗ਼ ਬਹਾਦਰ ਜੀ ਮਈ 1666 ਈ. ਵਿਚ ਪਟਨੇ ਪੁੱਜੇ। ਉਨ੍ਹਾਂ ਨੇ ਇਕ ਬਾਗ਼ ਵਿਚ ਟਿਕਾਣਾ ਕੀਤਾ ਜਿਹੜਾ ਕਿਸੇ ਕਾਰਨ ਸੁੱਕਿਆ ਹੋਇਆ ਸੀ। ਉਨ੍ਹਾਂ ਦੇ ਬਾਗ਼ ਵਿਚ ਚਰਨ ਪਾਉਣ ਨਾਲ ਸੁੱਕਾ ਬਾਗ਼ ਹਰਾ-ਭਰਾ ਹੋ ਗਿਆ। ਬਾਗ਼ ਦੇ ਹਰੇ ਹੋਣ ਦੀ ਖ਼ਬਰ ਪਟਨੇ ਦੇ ਨਵਾਬ ਰਹੀਮ ਬਖ਼ਸ਼ ਨੂੰ ਮਿਲੀ ਤਾਂ ਉਹ ਆਪ ਚੱਲ ਕੇ ਗੁਰੂ ਜੀ ਦੇ ਦਰਸ਼ਨਾਂ ਲਈ ਆਇਆ। ਗੁਰੂ ਜੀ ਨੇ ਉਸ ਨੂੰ ਪੁੱਛਿਆ, "ਇਹ ਬਾਗ਼ ਕਿਸ ਦਾ ਹੈ ?" ਉਸ ਨੇ ਉੱਤਰ ਦਿੱਤਾ, "ਆਪ ਦਾ ਹੈ।" ਉਸ ਪਿੱਛੋਂ ਉਸ ਬਾਗ਼ ਦਾ ਨਾਂ 'ਗੁਰੂ ਕਾ ਬਾਗ਼' ਪੈ ਗਿਆ। ਉਸ ਬਾਗ਼ ਵਿਚ ਗੁਰੂ ਦਾ ਸਿੱਖ ਭਾਈ ਜਗਤਾ, ਗੁਰੂ ਜੀ ਦੇ ਦਰਸ਼ਨਾਂ ਲਈ ਆਇਆ। ਉਹ ਗੁਰੂ ਜੀ ਨੂੰ ਬੇਨਤੀ ਕਰ ਕੇ ਆਪਣੇ ਘਰ ਲੈ ਗਿਆ। ਭਾਈ ਜਗਤੇ ਦਾ ਘਰ ਹੁਣ 'ਗਊ ਘਾਟ' ਨਾਂ ਨਾਲ ਪ੍ਰਸਿੱਧ ਹੈ।

ਭਾਈ ਜਗਤਾ ਸ਼ਹਿਰ ਵਿਚ ਹਲਵਾਈ ਦੀ ਦੁਕਾਨ ਕਰਦਾ ਸੀ। ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਦਾ, ਨਿੱਤਨੇਮ ਕਰ ਕੇ ਉਹ ਆਪਣੇ ਹਲਵਾਈ ਦੇ ਕੰਮ ਵਾਲਾ ਕੋਟ ਪਹਿਨ ਲੈਂਦਾ। ਉਹ ਕੋਟ ਕੰਮ-ਕਾਰ ਵਿਚ ਘਿਉ ਤੇਲ ਲੱਗਣ ਨਾਲ ਸਦਾ ਥਿੰਦ੍ਹਾ ਹੋਇਆ ਰਹਿੰਦਾ ਸੀ। ਲੋਕੀ ਸਮਝਦੇ ਸਨ ਕਿ ਉਹ ਕਦੇ ਇਸ਼ਨਾਨ ਨਹੀਂ ਕਰਦਾ ਅਤੇ ਨਾ ਹੀ ਕਦੇ ਉਹ ਕੋਟ ਨੂੰ ਧੋਂਦਾ ਸੀ। ਉਹ ਹਰ ਆਉਣ ਵਾਲੇ ਜ਼ਰੂਰਤਮੰਦ ਦੀ ਦਿਲ ਲਗਾ ਕੇ ਸੇਵਾ ਕਰਦਾ ਅਤੇ ਮੰਗ ਪੂਰੀ ਕਰਨ ਦੀ ਕੋਸ਼ਿਸ਼ ਕਰਦਾ ਸੀ।

ਗੁਰੂ ਜੀ ਦੇ ਦਰਸ਼ਨਾਂ ਲਈ ਸੰਗਤਾਂ ਭਾਈ ਜਗਤੇ ਦੇ ਘਰ ਇਕੱਠੀਆਂ ਹੋਣ ਲੱਗੀਆਂ। ਇਕ ਦਿਨ ਕਿਸੇ ਨੇ ਗੁਰੂ ਜੀ ਨੂੰ ਕਿਹਾ, "ਤੁਸੀਂ ਇਸਦੇ ਘਰ ਰਹਿੰਦੇ ਹੋ ਜਿਹੜਾ ਨਾ ਕਦੇ ਇਸ਼ਨਾਨ ਕਰਦਾ ਹੈ ਅਤੇ ਨਾ ਹੀ ਕਦੇ ਇਸ ਨੇ ਸਾਧ ਸੰਗਤ ਕੀਤੀ ਹੈ।" ਗੁਰੂ ਜੀ ਨੇ ਕਿਹਾ, "ਤੁਸੀਂ ਇਸ ਨੂੰ ਜਾਣਦੇ ਹੀ ਨਹੀਂ। ਇਹ ਦਿਖਾਵੇ ਲਈ ਨਾ ਇਸ਼ਨਾਨ ਕਰਦਾ ਹੈ ਅਤੇ ਨਾ ਹੀ ਇਹ ਦਿਖਾਵੇ ਦੀ ਸਾਧ ਸੰਗਤ ਅਤੇ ਭਜਨ-ਬੰਦਗੀ ਕਰਦਾ ਹੈ। ਜਿਸ ਨੂੰ ਇਸਦੀ ਰਹਿਣੀ ਉੱਪਰ ਸ਼ੱਕ ਹੈ ਉਹ ਇਕ ਦਿਨ ਇਸ ਪਾਸ ਰਾਤ ਰਹਿ ਕੇ ਦੇਖ ਲਵੇ ਅਤੇ ਆਪਣੇ ਮਨ ਦਾ ਸ਼ੰਕਾ ਦੂਰ ਕਰ ਲਵੇ। ਇਹ ਨਿੱਤ ਨਾਮ ਜਪਦਾ ਹੈ, ਇਸ਼ਨਾਨ ਕਰਦਾ ਹੈ ਅਤੇ ਹੱਕ ਦੀ ਕਮਾਈ ਵਿਚੋਂ ਗ਼ਰੀਬ ਦੀ ਸੇਵਾ ਵੀ ਕਰਦਾ ਹੈ। ਭਾਈ ਜਗਤਾ ਇੱਕ ਭੇਖੀ ਸਿੱਖ ਨਹੀਂ, ਇਹ ਪੂਰਨ ਸਿੱਖ ਹੈ।" ਗੁਰੂ ਜੀ ਨੇ ਸਾਰਿਆਂ ਦੇ ਮਨ ਦਾ ਸ਼ੰਕਾ ਦੂਰ ਕਰ ਦਿੱਤਾ।

ਸੰਗਤਾਂ ਦੀ ਗਿਣਤੀ ਵਧ ਜਾਣ ਕਾਰਨ ਗੁਰੂ ਜੀ ਵੈਸਾਖੀ ਰਾਮ ਦੀ ਹਵੇਲੀ ਵਿਚ ਜਾ ਬਿਰਾਜੇ, ਜਿੱਥੇ ਇਕ ਦਿਨ ਕੁਝ ਜੋਗੀ ਗੁਰੂ ਜੀ ਨਾਲ ਚਰਚਾ ਕਰਨ ਲਈ ਆਏ। ਉਨ੍ਹਾਂ ਦਾ ਆਗੂ ਇਕ ਵੱਡਾ ਜ਼ਿਮੀਂਦਾਰ ਸੀ। ਉਸ ਨੂੰ ਆਪਣੇ ਅਮੀਰ ਹੋਣ ਦਾ ਬਹੁਤ ਹੰਕਾਰ ਸੀ। ਗੁਰੂ ਜੀ ਨੇ ਉਨ੍ਹਾਂ ਨੂੰ ਕਿਹਾ, "ਆਪਣੇ ਆਪ ਨੂੰ ਜੋਗੀ ਅਖਵਾਉਣ ਤੋਂ ਪਹਿਲਾਂ ਇਸ ਦਾ ਗਿਆਨ ਹੋਣਾ ਜ਼ਰੂਰੀ ਹੈ ਕਿ ਜੋਗੀ ਕਹਿੰਦੇ ਕਿਸ ਨੂੰ ਹਨ। ਉਹ ਜੋਗੀ ਨਹੀਂ ਜਿਹੜਾ ਪਸ਼ੂਆਂ ਵਰਗੇ ਕੰਮ ਕਰਦਾ ਹੋਵੇ। ਸਦਾ ਮਾਇਆ ਦੇ ਮੋਹ ਵਿਚ ਫਸਿਆ ਹੋਇਆ ਤੇਰ-ਮੇਰ ਕਰਦਾ ਫਿਰੇ। ਜੋਗੀ ਉਹ ਹੈ ਜਿਹੜਾ ਨਿੰਦਾ ਸਹਾਰ ਸਕੇ, ਆਪਣੀ ਵਡਿਆਈ ਹੁੰਦੀ ਸੁਣ ਅਭਿਮਾਨੀ ਨਾ ਬਣੇ। ਸੋਨਾ ਅਤੇ ਲੋਹਾ ਇੱਕ ਤੁੱਲ ਜਾਣੇ ਅਤੇ ਦੁੱਖਾਂ ਵਿਚ ਉਸਦਾ ਮਨ ਡੋਲੇ ਨਾ।" ਗੁਰੂ ਜੀ ਪਾਸੋਂ ਇਸ ਤਰ੍ਹਾਂ ਦੇ ਜੋਗੀ ਦੇ ਗੁਣ ਸੁਣ ਕੇ ਉਹ ਬਹੁਤ ਸ਼ਰਮਿੰਦੇ ਹੋਏ ਅਤੇ ਵਾਪਸ ਮੁੜ ਗਏ।

# Bhai Jagta of Patna

Guru Tegh Bahadur reached Patna in May 1666 A.D. He camped in a garden which had withered due to some unknown reason. With the benign presence of the Guru, the withered garden became lush green. When Rahim Bakhsh, the Nawab of Patna heard of the revival of the garden, he himself came to see the Guru. The Guru asked him, "Whose garden is this ?" He replied, "It is yours." From that day that garden is known as 'Guru Ka Bagh' (the garden of the Guru). A Sikh, Bhai Jagta came for an audience with the Guru in that garden. He requested the Guru and took him to his house. The house of Bhai Jagta, where the Guru set foot is now known as 'Gaow Ghat.'

Bhai Jagta ran a sweet shop in the city. He used to get up early in the morning and after taking shower and recitation of Gurbani (teaching of Gurus), put on his overall to prepare the sweets for his shop. His overall always looked greasy. People thought that he never took shower and never washed the overall. Any needy who came to his sweet shop was served with heart and soul and his need was fulfilled.

As usual, devotees used to assemble in the house of Bhai Jagta for an audience with the Guru. One day someone said to the Guru, "You are staying in the house of this man who never takes bath and never attends any congregation." The Guru said, "You are not aware of the reality of this man. He neither takes bath nor does he attend the company of holy men, perform worship or recitals just to show off. Whosoever has any doubt about his daily routine may stay for a night with him and dispel his doubts. He recites the Name of the Lord daily. He takes bath and serves the poor out of his earnings by honest labour. Bhai Jagta is not a hypocratic Sikh. He is a perfect Sikh." The Guru dispelled the doubt of everybody.

As the number of devotees increased, the Guru took abode in the bungalow of Vaisakhi Ram where one day some Yogis came for a discussion with him. Their leader was a big landlord. He was very proud of being rich. The Guru said to him, "Before anyone starts calling oneself a 'Yogi', it is essential to know that who is called a 'Yogi'. He is not a 'Yogi' whose deeds are those of animals. Always entangled in lust for wealth and who indulges in discrimination of rich and poor. 'Yogi' is one who may tolerate criticism and not be proud of his praise. Gold and steel both are same to him and his mind does not waver in adversity." Hearing these qualities of a 'Yogi' from the Guru, they were ashamed and went back.



WWW.SIKHBOOKCLUB.COM 

# ਕਸ਼ੱਤਰੀ ਦਾ ਧਰਮ

ਗੁਰੂ ਤੇਗ਼ ਬਹਾਦਰ ਜੀ ਮਾਰਚ 1667 ਈ. ਵਿਚ ਪਟਨੇ ਤੋਂ ਚੱਲ ਕੇ ਢਾਕੇ ਪੁੱਜੇ, ਜਿੱਥੇ ਭਾਈ ਨੱਥਾ, ਗੁਰੂ ਅਮਰਦਾਸ ਜੀ ਦੀਆਂ ਥਾਪੀਆਂ ਹੋਈਆਂ 22 ਪ੍ਰਚਾਰਕ ਮੰਜੀਆਂ ਵਿਚੋਂ ਇੱਕ ਦੀ ਸੇਵਾ-ਸੰਭਾਲ ਕਰਦਾ ਸੀ। ਗੁਰੂ ਜੀ ਦੇ ਦਰਸ਼ਨ ਕਰ ਕੇ ਉਹ ਬਹੁਤ ਖ਼ੁਸ਼ ਹੋਇਆ। ਉਸ ਦੀ ਪ੍ਰੇਰਨਾ ਨਾਲ ਹਰ ਰੋਜ਼ ਸੰਗਤਾਂ ਦੂਰ-ਦੂਰ ਤੋਂ ਪੁੱਜਣ ਲੱਗੀਆਂ। ਉਨ੍ਹਾਂ ਸੰਗਤਾਂ ਵਿਚ ਭਾਈ ਨੱਥੇ ਤੋਂ ਪਹਿਲੇ ਮਸੰਦ ਬਲਾਕੀ ਦਾਸ ਦੀ ਮਾਤਾ ਗੁਰੂ ਜੀ ਦੇ ਦਰਸ਼ਨਾਂ ਲਈ ਹਰ ਰੋਜ਼ ਆਉਂਦੀ। ਇਕ ਦਿਨ ਉਸ ਨੇ ਗੁਰੂ ਜੀ ਅੱਗੇ ਬੇਨਤੀ ਕੀਤੀ, "ਮੈਂ ਚਾਹੁੰਦੀ ਹਾਂ, ਤੁਸਾਂ ਦੇ ਇੱਥੋਂ ਜਾਣ ਤੋਂ ਪਹਿਲਾਂ ਮੈਂ ਆਪ ਦੀ ਇਕ ਤਸਵੀਰ ਬਣਵਾ ਲਵਾਂ।" ਗੁਰੂ ਜੀ ਨੇ ਉਸ ਨੂੰ ਤਸਵੀਰ ਬਣਵਾਉਣ ਦੀ ਆਗਿਆ ਦੇ ਦਿੱਤੀ। ਢਾਕੇ ਦੇ ਪ੍ਰਸਿੱਧ ਕਲਾਕਾਰ ਨੇ ਗੁਰੂ ਜੀ ਦੀ ਤਸਵੀਰ ਬਣਾਉਣੀ ਸ਼ੁਰੂ ਕਰ ਦਿੱਤੀ। ਹੋਰ ਤਾਂ ਸਰੀਰ ਦੇ ਸਾਰੇ ਅੰਗ ਬਣ ਗਏ ਪਰ ਜਦੋਂ ਉਹ ਗੁਰੂ ਜੀ ਦਾ ਚਿਹਰਾ ਬਣਾਉਣ ਲੱਗਿਆ ਤਾਂ ਉਸ ਦੇ ਬੁਰਸ਼ ਚੱਲਣ ਤੋਂ ਰੁਕ ਗਏ। ਉਹ ਚਿਹਰਾ ਨਾ ਬਣਾ ਸਕਿਆ। ਗੁਰੂ ਜੀ ਨੇ ਕਲਾਕਾਰ ਪਾਸੋਂ ਬੁਰਸ਼ ਲੈ ਕੇ ਆਪਣਾ ਚਿਹਰਾ ਆਪ ਬਣਾਇਆ। ਉਹ ਤਸਵੀਰ ਕਲਕੱਤੇ ਦੇ ਵਿਕਟੋਰੀਆ ਅਜਾਇਬ-ਘਰ ਵਿਚ ਅੱਜ ਵੀ ਪਈ ਹੋਈ ਹੈ।

ਗੁਰੂ ਜੀ ਢਾਕੇ ਹੀ ਸਨ ਜਦੋਂ ਰਾਜਾ ਰਾਮ ਸਿੰਘ ਅਸਾਮ ਫ਼ਤਹਿ ਕਰਨ ਲਈ, ਔਰੰਗਜ਼ੇਬ ਦਾ ਭੇਜਿਆ ਹੋਇਆ ਪੁੱਜਿਆ। ਉਨ੍ਹਾਂ ਦਿਨਾਂ ਵਿਚ ਅਸਾਮ ਵਿਚ ਜਾਦੂ-ਟੂਣੇ ਦਾ ਬਹੁਤ ਜ਼ੋਰ ਸੀ। ਹਰ ਕੋਈ ਅਸਾਮ ਵਿਚ ਜਾਣ ਤੋਂ ਡਰਦਾ ਸੀ। ਰਾਜਾ ਰਾਮ ਸਿੰਘ ਗੁਰੂ-ਘਰ ਦਾ ਸ਼ਰਧਾਲੂ ਸੀ। ਉਸ ਨੇ ਗੁਰੂ ਜੀ ਅੱਗੇ ਅਸਾਮ ਦੀ ਮੁਹਿੰਮ ਵਿਚ ਨਾਲ ਚੱਲਣ ਦੀ ਬੇਨਤੀ ਕੀਤੀ ਤਾਂ ਜੋ ਉਸ ਉਤੇ ਜਾਦੂ ਟੂਣੇ ਦਾ ਅਸਰ ਨਾ ਹੋਵੇ। ਗੁਰੂ ਜੀ ਨੇ ਉਸ ਨੂੰ ਹੌਸਲਾ ਦਿੱਤਾ ਅਤੇ ਕਿਹਾ, "ਡਰਨ ਦੀ ਕੋਈ ਲੋੜ ਨਹੀਂ। ਅਸੀਂ ਤੇਰੇ ਨਾਲ ਚੱਲਾਂਗੇ।" ਗੁਰੂ ਜੀ ਨੇ ਦਰਿਆ ਬ੍ਰਹਮਪੁੱਤਰ ਦੇ ਨੇੜੇ ਪੁੱਜ ਕੇ, ਉਸ ਦੇ ਕਿਨਾਰੇ ਦੇ ਨਾਲ ਫ਼ੌਜੀਆਂ ਪਾਸੋਂ ਇਕ ਉੱਚੀ ਥਾਂ ਬਣਵਾ ਕੇ, ਉਸ ਉੱਪਰ ਆਪਣਾ ਡੇਰਾ ਕਰ ਲਿਆ, ਜਿੱਥੇ ਹੁਣ ਗੁਰਦੁਆਰਾ 'ਦਮਦਮਾ ਸਾਹਿਬ' ਹੈ। ਗੁਰੂ ਜੀ ਨੇ ਦੇਖਿਆ, ਬ੍ਰਹਮਪੁੱਤਰ ਦਾ ਪਾਣੀ ਵਧ ਰਿਹਾ ਸੀ। ਉਨ੍ਹਾਂ ਰਾਜਾ ਰਾਮ ਸਿੰਘ ਦੀਆਂ ਫ਼ੌਜਾਂ ਨੂੰ ਦਰਿਆ ਤੋਂ ਹਟ ਕੇ ਉੱਚੀ ਥਾਂ ਤੰਬੂ ਲਗਾਉਣ ਲਈ ਕਿਹਾ। ਦਰਿਆ ਦੇ ਦੂਜੇ ਕੰਢੇ ਰਾਜਾ ਚਕ੍ਰਧਵੱਜ ਦੀਆਂ ਫ਼ੌਜਾਂ ਨੇ ਆ ਡੇਰੇ ਲਾਏ। ਰਾਤ ਨੂੰ ਦਰਿਆ ਦਾ ਪਾਣੀ ਤਾਂ ਵਧਿਆ ਪਰ ਰਾਜਾ ਰਾਮ ਸਿੰਘ ਦੀ ਫ਼ੌਜ ਦਾ ਕੋਈ ਨੁਕਸਾਨ ਨਾ ਹੋਇਆ।

ਦੂਜੇ ਕਿਨਾਰੇ ਬੈਠੇ ਰਾਜਾ ਚਕ੍ਰਧਵੱਜ ਦੇ ਸੂਹੀਏ ਨੇ ਜਾ ਕੇ ਦੱਸਿਆ, "ਰਾਜਾ ਰਾਮ ਸਿੰਘ ਦੀ ਫ਼ੌਜ ਦਾ ਦਰਿਆ ਦੇ ਪਾਣੀ ਨੇ ਕੋਈ ਨੁਕਸਾਨ ਨਹੀਂ ਕੀਤਾ ਕਿਉਂ ਜੋ ਉਨ੍ਹਾਂ ਦੇ ਨਾਲ ਗੁਰੂ ਨਾਨਕ ਦੀ ਗੱਦੀ ਦੇ ਨੌਂਵੇਂ ਵਾਰਸ, ਗੁਰੂ ਤੇਗ਼ ਬਹਾਦਰ ਜੀ ਹਨ।" ਸੂਹੀਏ ਪਾਸੋਂ ਇਹ ਸੁਣ ਕੇ ਰਾਜਾ ਚਕ੍ਰਧਵੱਜ ਗੁਰੂ ਜੀ ਪਾਸ ਆ ਗਿਆ। ਗੁਰੂ ਜੀ ਨੇ ਉਨ੍ਹਾਂ ਰਾਜਿਆਂ ਨੂੰ ਕਿਹਾ, "ਤੁਸੀਂ ਦੋਵੇਂ ਕਸ਼ੱਤਰੀ ਹੋ। ਕਸ਼ੱਤਰੀ ਦਾ ਧਰਮ ਹੈ ਕਿ ਧਰਮ ਯੁੱਧ ਕਰੇ, ਨਾ ਕਿ ਭਰਾਵਾਂ ਨੂੰ ਮਾਰੇ ਅਤੇ ਗ਼ਰੀਬਾਂ ਦਾ ਖ਼ੂਨ ਬਹਾਵੇ।" ਗੁਰੂ ਜੀ ਦੇ ਕਹਿਣ ਦਾ ਉਨ੍ਹਾਂ ਉੱਪਰ ਇੰਨਾ ਅਸਰ ਹੋਇਆ ਕਿ ਉਹ ਇਕ ਦੂਜੇ ਦੇ ਮਿੱਤਰ ਬਣ ਗਏ। ਇਲਾਕੇ ਦੀ ਹੱਦਬੰਦੀ ਦੀ ਸੰਧੀ ਵੀ ਹੋ ਗਈ। ਗੁਰੂ ਜੀ ਉਸ ਪਿਛੋਂ ਪਟਨੇ ਹੁੰਦੇ ਹੋਏ ਅਕਤੂਬਰ 1670 ਈ. ਵਿਚ ਅਨੰਦਪੁਰ ਵਾਪਸ ਪੁੱਜ ਗਏ।



WWW.SIKHBOOKCLUB.COM 

ਕਸ਼ੱਤਰੀ ਦਾ ਧਰਮ

Religious duty of the Kshatri



# *Religious duty of the Kshatri*

In March 1667 A.D., Guru Tegh Bahadur arrived at Dhaka from Patna. Bhai Natha was looking after one of the twenty-two preaching centres set up by Guru Amar Dass. He was very pleased to see the Guru. At his motivation devotees began to flock everyday from far and near. The mother of Blaki Dass who was at service of the centre before Bhai Natha, was one of those devotees who came to visit the Guru everyday. One day she requested the Guru, "I want that I may get your portrait drawn before you leave this place." The Guru granted her permission. A famous artist of Dhaka started to prepare the picture. He was able to draw all the other part of the Guru's body but when he came to draw the face, his brushes stopped moving. He could not trace his face. The Guru took the brush from the painter and drew his face himself. That picture is still kept in the Victoria Museum of Calcutta.

The Guru was still at Dhaka when Raja Ram Singh, sent by Aurangzeb to conquer Assam, reached there. In those days magic and witch-craft was very much in vogue in Assam. Everyone was afraid of going to Assam. Raja Ram Singh had great faith in the Guru's institution. He requested the Guru to accompany him on his campaign of Assam so that sorcery and witch-craft may have no effect on him. The Guru encouraged him and said, "You need not fear. I shall go with you." When they arrived near the river Brahamputra, the Guru got a raised platform made by the soldiers near the bank and set his camp on it. Now there stands Gurdwara Damdama Sahib. The Guru saw that the water of Brahamputra was rising. He told the army of Raja Ram Singh to pitch their tents at a higher place, away from the river. On the other bank of the river, the army of Raja Chakkardhawaj had set up their camps. The water of the river rose at night but caused no damage to the forces of Raja Ram Singh.

An informer of Raja Chakkardhawaj reported him, "The rise of water in the river caused no damage to the forces of Raja Ram Singh as Guru Tegh Bahadur, the ninth descendant of Guru Nanak, is accompanying him." Hearing this, Raja Chakkardhawaj came to the Guru. The Guru told those Rajas, "You both are Kshatris. It is a religious duty of a Kshatri to fight for faith and not to kill brothers or shed the blood of the poor." The teaching of the Guru had such an effect on them that they became friends. Agreement on the demarcation of borders was reached. After that the Guru returned to Anandpur in October 1670 A.D. via Patna.



WWW.SIKHBOOKCLUB.COM 



ਸ਼ਾਂਤੀ ਦਾ ਰਾਹ

The Way to Peace

# ਸ਼ਾਂਤੀ ਦਾ ਰਾਹ

ਇਕ ਦਿਨ ਅੰਮ੍ਰਿਤ ਵੇਲੇ ਦੇ ਦੀਵਾਨ ਵਿਚ ਗੁਰੂ ਤੇਗ਼ ਬਹਾਦਰ ਜੀ ਨੂੰ ਨਰਾਇਣ ਦਾਸ ਬਹੁਤ ਦਿਨਾਂ ਪਿੱਛੋਂ ਸੰਗਤ ਵਿਚ ਨਜ਼ਰ ਆਇਆ। ਗੁਰੂ ਜੀ ਨੇ ਉਸ ਨੂੰ ਪਾਸ ਬੁਲਾ ਕੇ ਪੁੱਛਿਆ, "ਤੁਸੀਂ ਬਹੁਤ ਦਿਨਾਂ ਪਿੱਛੋਂ ਸੰਗਤ ਵਿਚ ਆਏ ਹੋ। ਇਸ ਦਾ ਕੀ ਕਾਰਨ ਹੈ ?" ਉਸ ਨੇ ਉੱਤਰ ਦਿੱਤਾ, "ਗੁਰੂ ਜੀ, ਘਰ ਦੇ ਕੰਮ-ਕਾਰ ਵਿੱਚੋਂ ਸਮਾਂ ਹੀ ਨਹੀਂ ਮਿਲਦਾ। ਘਰ ਨੂੰ ਚਲਾਉਣ ਦੀ ਜ਼ਿੰਮੇਵਾਰੀ ਸਾਰੀ ਮੇਰੇ ਉੱਪਰ ਹੀ ਹੈ। ਮੇਰੇ ਦੋ ਲੜਕੇ ਹਨ। ਖੇਤੀ ਦਾ ਕੰਮ ਕਰਨ ਜੋਗੇ ਹਨ ਪਰ ਕਰਦੇ ਨਹੀਂ। ਵਿਹਲੇ ਰਹਿ ਕੇ ਉਹ ਖ਼ੁਸ਼ ਰਹਿੰਦੇ ਹਨ ਪਰ ਖਾਣ ਲਈ ਅੱਗੇ ਹੋ ਜਾਂਦੇ ਹਨ। ਦੋ ਸਾਲ ਹੋਏ ਘਰਵਾਲ਼ੀ ਗੁਜ਼ਰ ਗਈ ਸੀ। ਉਸ ਦੇ ਹੁੰਦੇ ਹੋਏ ਮੈਂ ਉਸ ਨਾਲ ਦੁਖ ਸੁਖ ਵੰਡ ਲੈਂਦਾ ਸੀ। ਹੁਣ ਮੈਂ ਇਕੱਲਾ ਹਾਂ। ਬਜ਼ਾਰ ਵਿਚ ਮਜ਼ਦੂਰੀ ਵੀ ਕਰਦਾ ਹਾਂ ਤਦ ਜਾ ਕੇ ਘਰ ਦਾ ਖ਼ਰਚ ਚੱਲਦਾ ਹੈ। ਜੋ ਕੁਝ ਜੋੜਿਆ ਸੀ ਉਹ ਵੀ ਘਟਦਾ ਜਾਂਦਾ ਹੈ। ਇਹ ਚਿੰਤਾ ਸਦਾ ਮੈਨੂੰ ਖਾਂਦੀ ਰਹਿੰਦੀ ਹੈ। ਮੈਨੂੰ ਸਾਰੀ ਰਾਤ ਨੀਂਦ ਨਹੀਂ ਆਉਂਦੀ ਪਰ ਲੜਕੇ ਬੜੀ ਗੂੜ੍ਹੀ ਨੀਂਦ ਸੁੱਤੇ ਰਹਿੰਦੇ ਹਨ।"

ਗੁਰੂ ਜੀ ਨੇ ਨਰਾਇਣ ਦਾਸ ਨੂੰ ਦੱਸਿਆ, "ਕੋਈ ਕਿਸੇ ਦੀ ਸ਼ਾਂਤੀ ਨਾ ਖੋਹ ਸਕਦਾ ਹੈ ਅਤੇ ਨਾ ਹੀ ਕਿਸੇ ਨੂੰ ਸ਼ਾਂਤੀ ਦੇ ਸਕਦਾ ਹੈ। ਜਦੋਂ ਮਨ ਗ਼ਲਤ ਸੋਚਣ ਲੱਗ ਜਾਵੇ ਤਾਂ ਮਨੁੱਖ ਅਸ਼ਾਂਤ ਹੋ ਜਾਂਦਾ ਹੈ ਅਤੇ ਉਸ ਨੂੰ ਨੀਂਦ ਆਉਣੋਂ ਹਟ ਜਾਂਦੀ ਹੈ। ਤੁਸੀਂ ਬੱਚਿਆਂ ਦੇ ਮੋਹ ਵਿਚ ਫਸ ਕੇ ਗ਼ਲਤ ਸੋਚਣ ਲੱਗ ਗਏ ਹੋ। ਤੁਸੀਂ ਆਪਣਾ ਫ਼ਰਜ਼ ਪੂਰਾ ਕਰ ਦਿੱਤਾ। ਬੱਚਿਆਂ ਦਾ ਮੋਹ ਤਿਆਗ ਦੇਵੋ। ਉਨ੍ਹਾਂ ਨੂੰ ਆਪਣਾ ਆਪ ਸੰਭਾਲਣ ਦੇਵੋ। ਤੁਸੀਂ ਆਪ ਲੁਕਾਈ ਦੀ ਸੇਵਾ ਸੰਭਾਲ ਲਵੋ, ਅਤੇ ਸ਼ਾਂਤੀ ਪ੍ਰਾਪਤ ਕਰ ਲਵੋ, ਕਿਉਂਕਿ ਸੇਵਾ ਕਰਨ ਨਾਲ ਹਉਮੈ ਮਰਦੀ ਹੈ। ਅਸੱਤ ਨੂੰ ਸੱਤ ਨਾ ਸਮਝੋ। ਜੋ ਕੁਝ ਨਜ਼ਰ ਆ ਰਿਹਾ ਹੈ, ਇਸ ਸਭ ਨੇ ਇਕ ਦਿਨ ਨਾਸ਼ ਹੋ ਜਾਣਾ ਹੈ। ਧਨ, ਪਦਾਰਥ, ਬਾਲ-ਬੱਚੇ ਸਭ ਇਕ ਦਿਨ ਇੱਥੇ ਰਹਿ ਜਾਣੇ ਹਨ। ਸੱਤ ਨੂੰ ਅਸੱਤ ਨਾ ਜਾਣੋ। ਇਕ ਦਿਨ ਜਾਣਾ ਹੀ ਹੈ।" ਨਰਾਇਣ ਦਾਸ ਨੇ ਗੁਰੂ ਜੀ ਦੀ ਸਿੱਖਿਆ ਦਾ ਪਾਲਣ ਕਰਦੇ ਹੋਏ ਘਰ ਦੀ ਜ਼ਿੰਮੇਵਾਰੀ ਲੜਕਿਆਂ ਨੂੰ ਸੌਂਪ ਦਿੱਤੀ ਅਤੇ ਆਪ ਲੋਕ-ਭਲ਼ਾਈ ਦੀ ਸੇਵਾ ਲਈ ਗੁਰੂ ਘਰ ਰਹਿਣ ਲੱਗ ਪਿਆ।

ਇਕ ਦਿਨ ਗੁਰੂ ਜੀ ਦਰਿਆ ਸਤਲੁਜ ਦੇ ਕੰਢੇ ਸੈਰ ਕਰ ਰਹੇ ਸਨ। ਉਨ੍ਹਾਂ ਪਾਸ ਇਕ ਬ੍ਰਾਹਮਣ ਆ ਕੇ ਕਹਿਣ ਲੱਗਾ, "ਚਿਰਾਂ ਤੋਂ ਮੈਂ ਪੂਜਾ ਪਾਠ ਕਰਦਾ ਆ ਰਿਹਾ ਹਾਂ। ਮੈਨੂੰ ਕੋਈ ਤਸੱਲੀ ਨਹੀਂ ਹੋਈ ਅਤੇ ਨਾ ਹੀ ਸ਼ਾਂਤੀ ਮਿਲੀ ਹੈ।" ਗੁਰੂ ਜੀ ਨੇ ਕਿਹਾ, "ਪੂਜਾ ਅਤੇ ਪਾਠ ਬਾਹਰਲੇ ਕਰਮ ਹਨ। ਜਦੋਂ ਤੱਕ ਪਾਠ ਦੀ ਵਿਚਾਰ ਨਹੀਂ ਕੀਤੀ ਜਾਂਦੀ ਇਹ ਮਨ ਵਿਚ ਨਹੀਂ ਟਿਕਦਾ। ਜਦੋਂ ਮਨ ਪੂਜਾ-ਪਾਠ ਦੇ ਭਰਮ ਵਿਚ ਫਸਿਆ ਹੋਵੇ ਤਾਂ ਮਨ ਪਾਠ ਦੀ ਵਿਚਾਰ ਵੀ ਫ਼ਜ਼ੂਲ ਸਮਝਦਾ ਹੈ। ਪੂਜਾ ਸੱਚ ਨੂੰ ਪਾਉਣ ਦਾ ਪਹਿਲਾ ਕਦਮ ਹੈ ਅਤੇ ਪਾਠ ਕਰਨਾ ਦੂਜਾ ਕਦਮ ਹੈ। ਜੇ ਤੁਸੀਂ ਸੱਚ ਪਾਉਣ ਲਈ ਇਨ੍ਹਾਂ ਦੋ ਕਦਮਾਂ ਤੋਂ ਅੱਗੇ ਨਹੀਂ ਵਧਣਾ ਚਾਹੁੰਦੇ ਤਾਂ ਤੁਸੀਂ ਸੱਚ ਕਿਵੇਂ ਪਾ ਸਕਦੇ ਹੋ। ਸ਼ਾਂਤੀ ਕਿਵੇਂ ਪ੍ਰਾਪਤ ਕਰ ਸਕਦੇ ਹੋ। ਪਾਠ ਦੀ ਵਿਚਾਰ ਸ਼ੁਰੂ ਕਰੋ, ਸੱਚ ਨੂੰ ਪਾਉਣ ਦਾ ਤੀਜਾ ਕਦਮ ਚੁੱਕੋ। ਵਿਚਾਰ ਨਾਲ ਆਪਣੇ ਆਪ ਦੀ ਸੋਝੀ ਹੁੰਦੀ ਹੈ, ਦੁਨੀਆਂ ਦੀ ਮਾਇਆ ਦੀ ਸਮਝ ਪੈਂਦੀ ਹੈ। ਵਿਚਾਰ ਕਰ ਕੇ ਉਸ ਉੱਪਰ ਆਪਣਾ ਜੀਵਨ ਢਾਲੋ ਅਤੇ ਸ਼ਾਂਤੀ ਪ੍ਰਾਪਤ ਕਰੋ। ਸ਼ਾਂਤੀ ਦੀ ਪ੍ਰਾਪਤੀ ਹੀ ਉਸ ਮਾਲਕ ਨੂੰ ਪਾਉਣਾ ਹੈ।" ਬ੍ਰਾਹਮਣ ਨੇ ਸਭ ਕੁਝ ਸੁਣ ਕੇ ਕਿਹਾ, "ਗੁਰੂ ਜੀ, ਇਹ ਤਾਂ ਬਹੁਤ ਕਠਿਨ ਹੈ। ਮੇਰੇ ਵੱਸ ਤੋਂ ਬਾਹਰ ਹੈ। ਮੇਰੇ ਪਾਸੋਂ ਇਸ ਤਰ੍ਹਾਂ ਨਹੀਂ ਹੋ ਸਕਦਾ।"

# *The Way to Peace*

One day Guru Tegh Bahadur noticed the presence of Narain Dass in the morning congregation after many days. The Guru asked him, "You have come in the congregation after a long time. What is the reason for it ?" He replied, "Respected Guru ! I was busy at home. All the responsibility of running the family rests on me. My two sons are young enough to do farming but they are happy to remain idle. On the other side, they are ahead of everyone at the time of meals. My wife died two years ago with whom I could share my troubles. Now I am alone. To make both ends meet, I also work in the market. My savings are dwindling. The worry is telling upon me. I cannot sleep due to worries but my sons sleep very soundly."

The Guru told him, "Nobody can either take away the happiness of other nor give peace to anyone. When one starts thinking wrongly, the mind becomes restless and loses sleep. Caught in love for your children, you have started to think wrongly. You have done your duty. Let your children take care of themselves. Take up the service of the common men to attain peace because service destroys ego. Do not take untruth for truth. Everyone you see will perish one day. Wealth, material and children will be left behind one day. Do not think true to be untrue. You have to go one day." Acting upon the advice of the Guru, he entrusted the responsibility of the family to his sons and started living in the Guru's institution for the service of humanity.

One day the Guru was walking on the bank of the river Sutlej, when a Brahmin came and said, "I have been performing worship and recitals since long. I have not attained peace." The Guru said, "Worship and reading of scriptures are the outside deeds. If you do not think over what you recite, it does not stay in your mind. When the mind is engrossed in the illusion of worship and recitals, it considers understanding of the scriptures useless. Worship is the first step to realise the Truth while reading scriptures is the second. If you do not want to go beyond these two steps, how can you realise the Truth or attain peace. Start thinking over what you read and take the third step towards realising the Truth. Contemplation takes you to understand yourself and the illusions of this world. Mould your life according to the teachings of the scriptures to attain peace and realisation of the Lord." The Brahmin said, "This is very difficult. I shall not be able to mould my life according to the teachings."



WWW.SIKHBOOKCLUB.COM 

# ਕਸ਼ਮੀਰੀ ਪੰਡਤਾਂ ਦੀ ਫ਼ਰਿਆਦ

ਔਰੰਗਜ਼ੇਬ ਨੇ ਆਪਣੇ ਭਰਾਵਾਂ ਨੂੰ ਮਰਵਾ ਕੇ, ਪਿਤਾ ਨੂੰ ਜੇਲ੍ਹ ਵਿਚ ਪਾ ਕੇ, 31 ਜੁਲਾਈ, 1658 ਈ. ਨੂੰ ਆਪਣੇ ਬਾਦਸ਼ਾਹ ਹੋਣ ਦੀ ਰਸਮ ਪੂਰੀ ਕੀਤੀ। ਉਸ ਪਿੱਛੋਂ ਉਸ ਨੇ ਮੱਕਾ ਸ਼ਰੀਫ਼ ਤੋਹਫ਼ੇ ਭੇਜੇ ਜਿਹੜੇ ਮੱਕੇ ਦੇ ਮੌਲਵੀਆਂ ਵਾਪਸ ਕਰ ਦਿੱਤੇ, ਜਿਸ ਨਾਲ ਉਸ ਦੀ ਇਸਲਾਮੀ ਮੁਲਕਾਂ ਵਿਚ ਬਹੁਤ ਬਦਨਾਮੀ ਹੋਈ। ਬਦਨਾਮੀ ਦੀ ਕਾਲਖ ਧੋਣ ਲਈ, ਉਸ ਨੇ ਐਲਾਨ ਕੀਤਾ ਕਿ ਦੇਸ਼ ਦਾ ਰਾਜ ਪ੍ਰਬੰਧ ਇਸਲਾਮੀ ਰੀਤੀ ਦੇ ਅਨੁਸਾਰ ਕੀਤਾ ਜਾਵੇਗਾ। ਉਹ ਆਪ ਸੁੰਨੀ ਮੁਸਲਮਾਨ ਸੀ। ਉਸ ਲਈ ਸ਼ੀਆ ਵੀ ਕਾਫ਼ਰ ਸਨ। ਉਸ ਦਾ ਅਕੀਦਾ ਸੀ ਕਿ ਕੁਰਾਨ ਸ਼ਰੀਫ਼ ਕਾਫ਼ਰਾਂ ਨੂੰ ਇਸਲਾਮ ਵਿਚ ਲਿਆਉਣ ਲਈ ਸਖ਼ਤੀ ਦੀ ਖੁੱਲ੍ਹ ਦਿੰਦਾ ਹੈ।

ਮਾਰਚ 1659 ਈ. ਵਿਚ ਔਰੰਗਜ਼ੇਬ ਨੇ ਐਲਾਨ ਕੀਤਾ : "ਹਿੰਦੂਆਂ ਦੇ ਨਵੇਂ ਮੰਦਰ ਨਾ ਬਣਨ ਦਿੱਤੇ ਜਾਣ।" 1664 ਈ. ਵਿਚ ਪੁਰਾਣੇ ਮੰਦਰਾਂ ਦੀ ਮੁਰੰਮਤ ਰੋਕ ਦਿੱਤੀ। ਅਪ੍ਰੈਲ 1665 ਈ. ਵਿਚ ਉਸ ਨੇ ਹੁਕਮ ਜਾਰੀ ਕੀਤਾ ਕਿ ਮੁਸਲਮਾਨਾਂ ਪਾਸੋਂ ਚੁੰਗੀ ਢਾਈ ਫ਼ੀਸਦੀ ਅਤੇ ਹਿੰਦੂਆਂ ਪਾਸੋਂ ਪੰਜ ਫ਼ੀਸਦੀ ਲਈ ਜਾਵੇ। ਕੁਝ ਸਮੇਂ ਪਿੱਛੋਂ ਮੁਸਲਮਾਨਾਂ ਪਾਸੋਂ ਚੁੰਗੀ ਲੈਣੀ ਬੰਦ ਕਰ ਦਿੱਤੀ। ਹਿੰਦੂਆਂ ਦੀਆਂ ਧਾਰਮਕ ਰਸਮਾਂ ਅਤੇ ਪੜ੍ਹਾਈ ਖ਼ਤਮ ਕਰਨ ਲਈ ਉਸ ਨੇ 1669 ਈ. ਵਿਚ ਮੰਦਰ ਅਤੇ ਪਾਠਸ਼ਾਲਾਵਾਂ ਢਾਹੇ ਜਾਣ ਦਾ ਐਲਾਨ ਕਰ ਦਿੱਤਾ। ਮਥਰਾ, ਅਯੁਧਿਆ, ਬਨਾਰਸ ਆਦਿ ਥਾਂਵਾਂ ਦੇ ਮੰਦਰ ਢਾਹ ਕੇ ਉਨ੍ਹਾਂ ਦੀ ਥਾਂ ਮਸੀਤਾਂ ਉਸਾਰ ਦਿੱਤੀਆਂ ਗਈਆਂ। 1669 ਈ. ਵਿਚ ਹਿੰਦੂਆਂ ਉੱਪਰ ਹਿੰਦੂ ਹੋਣ ਦਾ ਟੈਕਸ ਲਗਾ ਦਿੱਤਾ। ਹਿੰਦੂ ਮੇਲਿਆਂ ਉੱਪਰ ਜਾਣ ਵਾਲਿਆਂ ਨੂੰ ਵੀ ਟੈਕਸ ਲਗਾ ਦਿੱਤਾ। ਸਰਕਾਰੀ ਨੌਕਰੀਆਂ ਤੋਂ ਹਿੰਦੂਆਂ ਨੂੰ ਕੱਢਣਾ ਸ਼ੁਰੂ ਕਰ ਦਿੱਤਾ। ਮਾਲੀ ਹਾਲਤ ਕਮਜ਼ੋਰ ਹੋਣ ਨਾਲ ਗ਼ਰੀਬ ਹਿੰਦੂ ਮੁਸਲਮਾਨ ਬਣਨ ਲੱਗ ਪਏ।

1674 ਈ. ਵਿਚ ਔਰੰਗਜ਼ੇਬ ਨੇ ਸਾਰੇ ਹਿੰਦੁਸਤਾਨ ਦਾ ਇਕ ਧਰਮ ਕਰਨ ਲਈ ਕਸ਼ਮੀਰ ਚੁਣਿਆ ਕਿਉਂਕਿ ਕਸ਼ਮੀਰ ਵਿਚ ਬਹੁਤੀ ਆਬਾਦੀ ਬ੍ਰਾਹਮਣਾਂ ਦੀ ਸੀ। ਔਰੰਗਜ਼ੇਬ ਨੇ ਸੋਚਿਆ ਕਿ ਬ੍ਰਾਹਮਣ ਡਰਪੋਕ ਅਤੇ ਲਾਲਚੀ ਹੁੰਦੇ ਹਨ। ਇਨ੍ਹਾਂ ਨੂੰ ਡਰਾ ਕੇ ਜਾਂ ਨੌਕਰੀਆਂ ਅਤੇ ਜਾਗੀਰਾਂ ਦਾ ਲਾਲਚ ਦੇ ਕੇ ਮੁਸਲਮਾਨ ਬਣਾਉਣਾ ਸੌਖਾ ਹੋਵੇਗਾ। ਜਦੋਂ ਹਿੰਦੂਆਂ ਦੇ ਆਗੂ ਮੁਸਲਮਾਨ ਬਣ ਜਾਣਗੇ ਤਾਂ ਉਨ੍ਹਾਂ ਦੇ ਪਿੱਛ-ਲੱਗੂ ਹਿੰਦੂ ਆਪਣੇ ਆਪ ਇਸਲਾਮ ਧਾਰਨ ਕਰ ਲੈਣਗੇ। ਔਰੰਗਜ਼ੇਬ ਦੇ ਹੁਕਮ ਨਾਲ ਸੈਂਕੜੇ ਬ੍ਰਾਹਮਣਾਂ ਨੂੰ ਬੰਦੀ ਬਣਾ ਕੇ ਉਨ੍ਹਾਂ ਉੱਪਰ ਜ਼ਬਰਦਸਤੀ ਸ਼ੁਰੂ ਕੀਤੀ ਗਈ। ਬਹੁਤ ਸਾਰੇ ਕੁੱਟ ਮਾਰ ਨਾ ਸਹਾਰਦੇ ਮੁਸਲਮਾਨ ਬਣ ਗਏ।

ਕਸ਼ਮੀਰ ਦੇ ਮੁਖੀ ਪੰਡਤਾਂ ਨੇ, ਸੂਬਾ ਸ਼ੇਰ ਅਫ਼ਗਾਨ ਖ਼ਾਨ ਦੀ ਤਲਵਾਰ ਅੱਗੇ ਸਿਰ ਝੁਕਾਉਣ ਤੋਂ ਪਹਿਲਾਂ, ਕ੍ਰਿਪਾ ਰਾਮ ਦੀ ਅਗਵਾਈ ਹੇਠ 25 ਮਈ, 1675 ਈ. ਨੂੰ ਅਨੰਦਪੁਰ ਵਿਖੇ ਗੁਰੂ ਜੀ ਪਾਸ ਆ ਫ਼ਰਿਆਦ ਕੀਤੀ। ਗੁਰੂ ਜੀ ਜਾਣਦੇ ਸਨ ਕਿ ਕਮਜ਼ੋਰ ਅਤੇ ਸਹਿਮੇ ਹੋਏ ਲੋਕ ਗੱਲਾਂ ਸੁਣ ਕੇ ਬਹਾਦਰ ਨਹੀਂ ਬਣ ਜਾਂਦੇ। ਉਨ੍ਹਾਂ ਦਾ ਭੈਅ ਦੂਰ ਕਰਨ ਅਤੇ ਨਿਡਰ ਬਣਾਉਣ ਲਈ, ਨਿਰਭਉ ਅਤੇ ਮਹਾਨ ਅਗਵਾਈ ਦੀ ਲੋੜ ਹੈ। ਗੁਰੂ ਜੀ ਨੇ ਉਸ ਅਗਵਾਈ ਲਈ ਆਪਣੇ ਆਪ ਨੂੰ ਹਾਜ਼ਰ ਕੀਤਾ, ਜਿਸਦੀ ਪ੍ਰੋੜ੍ਹਤਾ ਸਾਹਿਬਜ਼ਾਦੇ ਗੋਬਿੰਦ ਰਾਏ ਨੇ ਵੀ ਕੀਤੀ, ਜਿਨ੍ਹਾਂ ਦੀ ਉਮਰ ਉਸ ਵਕਤ ਸਿਰਫ਼ ਅੱਠ ਸਾਲ ਸੀ। ਗੁਰੂ ਜੀ ਨੇ ਪੰਡਤਾਂ ਨੂੰ ਕਿਹਾ, "ਤੁਸੀਂ ਵਾਪਸ ਜਾ ਕੇ ਸੂਬੇਦਾਰ ਨੂੰ ਕਹਿ ਦੇਵੋ ਕਿ ਸਾਡਾ ਧਾਰਮਿਕ ਆਗੂ, ਗੁਰੂ ਤੇਗ਼ ਬਹਾਦਰ ਹੈ। ਜੇ ਤੁਸੀਂ ਉਨ੍ਹਾਂ ਨੂੰ ਮੁਸਲਮਾਨ ਬਣਾ ਲਵੋ ਤਾਂ ਅਸੀਂ ਸਾਰੇ ਉਨ੍ਹਾਂ ਦੇ ਪਿੱਛੇ ਮੁਸਲਮਾਨ ਬਣ ਜਾਵਾਂਗੇ।"



ਕਸ਼ਮੀਰੀ ਪੰਡਤਾਂ ਦੀ ਫ਼ਰਿਆਦ Request of Kashmir's Pandits

# *Request of Kashmir's Pandits*

Aurangzeb ascended the throne of Delhi on 31st July, 1658 A.D. after getting his brothers killed and imprisoning his father. Then he sent presents to the sacred Mecca which were sent back by the Islamic heads of Mecca and defamed him in the Islamic World. To wipe away his dishonour, he declared, "The administration of the country will be run according to Islamic law." He himself was a Sunni Muslim. For him even Shi'ahs were infidels. He had a belief that "The holy Koran permits the use of force to convert infidels to Islam".

In March 1659 A.D., Aurangzeb banned the construction of new temples. The repair of the old temples was prohibited in 1664 A.D. In April 1665 A.D., he passed an order that Octroi from the Muslims be charged at two and a half percent and from Hindus at five percent. After some time Muslims were exempted from Octroi. To put an end to the religious rituals and education of Hindus, he issued a proclamation for the demolition of temples and Hindu schools in 1669 A.D. Temples at Mathura, Ayodhya, Banaras etc. were razed and mosques were erected in their places. A tax on Hindus was imposed in 1669 A.D. for being Hindus. Hindus were made to pay tax for going to Hindu fairs. Hindus began to be eased out of government jobs. Poor Hindus started embracing Islam due to the financial hardships.

In 1674 A.D., Aurangzeb started from Kashmir to bring India under one religion as the majority of Kashmiri's were Brahmins. Aurangzeb thought, "Brahmins are cowards and greedy. It will be easy to convert them by intimidation or tempting them with jobs or estates. When the leaders of the Hindus are converted to Islam the others will follow suit." On his order, hundreds of Brahmins were arrested and tortured. Many of them could not bear the beating and became Muslims.

Prominent Pandits of Kashmir led by Kirpa Ram before bowing to the sword of the Governor Sher Khan, came to Anandpur on 25th May, 1675 A.D. and complained to the Guru. The Guru knew that weak and frightened cannot become brave by mere listening to episodes of bravery. To dispel their fear, to make them brave and fearless, great leadership is required. The Guru presented himself for that leadership which was endorsed by Prince Gobind Rai who was only eight years at that time. The Guru told the Pandits, "Go and tell the governor that Guru Tegh Bahadur is our religious leader. If you convert him to Islam, all of us will follow him and become Muslims."

ਸਿੱਖਾਂ ਨੂੰ ਤਸੀਹੇ

Torturing of Sikhs



# ਸਿੱਖਾਂ ਨੂੰ ਤਸੀਹੇ

ਗੁਰੂ ਤੇਗ਼ ਬਹਾਦਰ ਜੀ ਨੇ ਕਸ਼ਮੀਰੀ ਪੰਡਤਾਂ ਨੂੰ ਵਿਦਾ ਕਰਨ ਪਿੱਛੋਂ, ਗੁਰ-ਗੱਦੀ ਦੀ ਜ਼ਿੰਮੇਵਾਰੀ 8 ਜੁਲਾਈ,1675 ਈ. ਨੂੰ ਗੁਰੂ ਗੋਬਿੰਦ ਰਾਏ ਨੂੰ ਸੌਂਪ ਦਿੱਤੀ। 11 ਜੁਲਾਈ ਨੂੰ ਆਪ ਆਪਣੇ ਨਾਲ ਪੰਜ ਸਿੱਖ—ਦੀਵਾਨ ਮਤੀ ਦਾਸ ਜੀ, ਦਰਬਾਰੀ ਭਾਈ ਦਿਆਲਾ ਜੀ, ਦਰਬਾਰੀ ਲੇਖਕ ਭਾਈ ਸਤੀ ਦਾਸ ਜੀ, ਗੁਰ-ਗੱਦੀ ਦੀ ਮਰਿਯਾਦਾ ਚਲਾਉਣ ਵਾਲੇ ਭਾਈ ਗੁਰਦਿੱਤਾ ਜੀ ਅਤੇ ਭਾਈ ਊਦਾ ਜੀ ਲੈ ਕੇ ਦਿੱਲੀ ਨੂੰ ਚੱਲ ਪਏ।

ਔਰੰਗਜ਼ੇਬ 26 ਜੂਨ, 1674 ਈ. ਤੋਂ ਹਸਨ ਅਬਦਾਲ ਪਠਾਣਾਂ ਦੀ ਬਗ਼ਾਵਤ ਦਬਾ ਰਿਹਾ ਸੀ। ਗੁਰੂ ਜੀ ਦਾ ਸੁਨੇਹਾ ਉਸ ਨੂੰ ਉਥੇ ਪਹੁੰਚਾ ਦਿੱਤਾ ਗਿਆ। ਉਸ ਨੇ ਗੁਰੂ ਜੀ ਦੀ ਗ੍ਰਿਫ਼ਤਾਰੀ ਦਾ ਹੁਕਮ ਕਰ ਦਿੱਤਾ। ਗੁਰੂ ਜੀ ਅਤੇ ਉਨ੍ਹਾਂ ਦੇ ਨਾਲ ਪੰਜ ਸਿੱਖਾਂ ਨੂੰ ਆਗਰੇ ਤੋਂ ਗ੍ਰਿਫ਼ਤਾਰ ਕੀਤਾ ਗਿਆ ਅਤੇ ਦਿੱਲੀ ਲਿਆ ਕੇ ਇਕ ਸੁੰਞੀ ਹਵੇਲੀ ਵਿਚ ਕੈਦ ਕਰ ਦਿੱਤਾ। ਔਰੰਗਜ਼ੇਬ ਦਾ ਦੂਜਾ ਹੁਕਮ ਆਇਆ, "ਗੁਰੂ ਨੂੰ ਇਸਲਾਮ ਕਬੂਲ ਕਰਨ ਲਈ ਮਜਬੂਰ ਕੀਤਾ ਜਾਵੇ, ਜੇ ਨਾ ਮੰਨੇ ਤਾਂ ਤਸੀਹੇ ਦੇ ਕੇ ਕਤਲ ਕਰ ਦਿੱਤਾ ਜਾਵੇ। ਉਸ ਦੇ ਸਰੀਰ ਦੇ ਟੋਟੇ ਕਰ ਕੇ ਸ਼ਹਿਰ ਦੇ ਸਭਨੀ ਪਾਸੀਂ ਲਟਕਾ ਦਿੱਤੇ ਜਾਣ।"

ਔਰੰਗਜ਼ੇਬ ਦਾ ਦੂਜਾ ਹੁਕਮ ਆਉਣ ਪਿੱਛੋਂ ਉਸ ਦੇ ਅਹਿਲਕਾਰਾਂ ਨੇ ਗੁਰੂ ਜੀ ਨੂੰ ਇਸਲਾਮ ਕਬੂਲ ਕਰਨ ਲਈ ਕਿਹਾ। ਗੁਰੂ ਜੀ ਨੇ ਨਾਂਹ ਕਰ ਦਿੱਤੀ। ਉਨ੍ਹਾਂ ਗੁਰੂ ਜੀ ਨਾਲ ਗ੍ਰਿਫ਼ਤਾਰ ਕੀਤੇ ਸਿੱਖਾਂ ਨੂੰ ਤਸੀਹੇ ਦੇ ਕੇ ਕਤਲ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦਾ ਖ਼ਿਆਲ ਸੀ ਕਿ ਜਦੋਂ ਇਨ੍ਹਾਂ ਦੇ ਸਾਹਮਣੇ ਸਿੱਖਾਂ ਨੂੰ ਤਸੀਹੇ ਦੇ ਕੇ ਕਤਲ ਕੀਤਾ ਗਿਆ ਤਾਂ ਗੁਰੂ ਜੀ ਡਰ ਕੇ ਇਸਲਾਮ ਕਬੂਲ ਕਰ ਲੈਣਗੇ। ਕਾਜ਼ੀਆਂ ਦੇ ਹੁਕਮ ਨਾਲ ਭਾਈ ਮਤੀ ਦਾਸ ਜੀ ਨੂੰ ਦੋ ਫੱਟਿਆਂ ਵਿਚ ਬੰਨ੍ਹ ਕੇ ਲੱਕੜੀ ਦੀ ਤਰ੍ਹਾਂ ਆਰੇ ਨਾਲ ਦੋ ਹਿੱਸਿਆਂ ਵਿਚ ਚੀਰਿਆ ਗਿਆ। ਦੂਜੇ ਦਿਨ ਭਾਈ ਦਿਆਲਾ ਜੀ ਨੂੰ ਉੱਬਲਦੇ ਪਾਣੀ ਦੀ ਦੇਗ਼ ਵਿਚ ਬਿਠਾ ਦਿੱਤਾ ਗਿਆ। ਤੀਜੇ ਦਿਨ ਭਾਈ ਸਤੀ ਦਾਸ ਜੀ ਨੂੰ ਰੂੰ ਵਿਚ ਲਪੇਟ ਕੇ ਅੱਗ ਲਗਾ ਦਿੱਤੀ ਗਈ। ਗੁਰੂ ਜੀ ਦੇ ਸਾਹਮਣੇ ਇਸ ਤਰ੍ਹਾਂ ਦੇ ਕਸ਼ਟ ਦੇ ਕੇ ਸਿੱਖਾਂ ਨੂੰ ਸ਼ਹੀਦ ਕੀਤਾ ਗਿਆ।

ਗੁਰੂ ਜੀ ਨੇ ਦੇਖ ਲਿਆ ਕਿ ਤਿੰਨ ਸਿੱਖਾਂ ਦੇ ਸ਼ਹੀਦੀਆਂ ਪਾਉਣ ਉਪ੍ਰੰਤ ਵੀ ਕਾਤਲਾਂ ਨੂੰ ਕੋਈ ਗ਼ੈਰਤ ਨਹੀਂ ਆਈ। ਭਾਈ ਊਦਾ ਜੀ ਅਤੇ ਭਾਈ ਗੁਰਦਿੱਤਾ ਜੀ ਦੇ ਸ਼ਹੀਦੀਆਂ ਪਾਉਣ ਨਾਲ ਵੀ ਇਨ੍ਹਾਂ ਦੇ ਦਿਲ ਨਹੀਂ ਡੋਲਣੇ। ਇਨ੍ਹਾਂ ਜ਼ਾਲਮਾਂ ਦੀ ਜ਼ਮੀਰ ਮਰ ਚੁੱਕੀ ਹੈ। ਉਨ੍ਹਾਂ ਨੇ ਦੋਹਾਂ ਸਿੱਖਾਂ ਨੂੰ ਜੇਲ੍ਹ ਵਿਚੋਂ ਸਹੀ ਸਲਾਮਤ ਬਾਹਰ ਭੇਜਣਾ ਠੀਕ ਸਮਝਿਆ ਤਾਂ ਜੋ ਉਹ ਬਾਹਰ ਜਾ ਕੇ ਲੋਕਾਂ ਨੂੰ, ਇਸ ਹਕੂਮਤ ਦੇ ਜ਼ੁਲਮ ਵਿਰੁੱਧ ਡਟ ਕੇ ਮੁਕਾਬਲਾ ਕਰਨ ਲਈ ਪ੍ਰੇਰਨ ਅਤੇ ਇਸ ਸ਼ਹਾਦਤ ਦਾ ਸਹੀ ਗਿਆਨ ਦੇਣ। ਸਿੱਖਾਂ ਨੇ ਜੇਲ੍ਹ ਦੇ ਦਰੋਗੇ, ਖ਼ਵਾਜਾ ਅਬਦੁਲ ਦੀ ਮਦਦ ਨਾਲ ਜੇਲ੍ਹ ਦੀ ਦੀਵਾਰ ਤੋੜੀ ਅਤੇ ਰਾਤ ਦੇ ਹਨੇਰੇ ਵਿਚ ਬਾਹਰ ਨਿਕਲ ਗਏ।

ਸਿੱਖਾਂ ਦੇ ਜੇਲ੍ਹ ਤੋੜ ਕੇ ਬਾਹਰ ਚਲੇ ਜਾਣ ਪਿੱਛੋਂ ਅਹਿਲਕਾਰ ਡਰ ਗਏ। ਉਨ੍ਹਾਂ ਸੋਚਿਆ ਕਿ ਕਿਤੇ ਗੁਰੂ ਜੀ ਵੀ ਜੇਲ੍ਹ ਵਿਚੋਂ ਨੱਠ ਨਾ ਜਾਣ। ਇਹ ਸੋਚ ਉਨ੍ਹਾਂ ਗੁਰੂ ਜੀ ਨੂੰ ਇਕ ਲੋਹੇ ਦੇ ਪਿੰਜਰੇ ਵਿਚ ਬੰਦ ਕਰ ਦਿੱਤਾ, ਜਿਸ ਵਿਚ ਨਾ ਸਿੱਧੇ ਹੋ ਕੇ ਖੜ੍ਹੇ ਹੋਇਆ ਜਾ ਸਕਦਾ ਸੀ ਅਤੇ ਨਾ ਹੀ ਬੈਠਿਆ ਜਾ ਸਕਦਾ ਸੀ। ਉਸ ਪਿੰਜਰੇ ਦੇ ਅੰਦਰ ਹਰ ਪਾਸੇ ਲੋਹੇ ਦੇ ਤਿੱਖੇ ਸਰੀਏ ਲੱਗੇ ਹੋਏ ਸਨ। ਅਹਿਲਕਾਰ ਭੁੱਲ ਗਏ ਸਨ ਕਿ ਗੁਰੂ ਜੀ ਧਰਮਾਂ ਦੀ ਅਜ਼ਾਦੀ ਦੀ ਰੱਖਿਆ ਲਈ ਆਪ ਉਨ੍ਹਾਂ ਕਾਤਲਾਂ ਪਾਸ ਪੁੱਜੇ ਸਨ। ਉਹ ਜੇਲ੍ਹ ਵਿਚੋਂ ਚੋਰੀ ਕਿਵੇਂ ਭੱਜ ਸਕਦੇ ਸਨ।

# *Torturing of Sikhs*

After seeing off Kashmir's Pandits, Guru Tegh Bahadur entrusted the responsibility of leading the Sikhs to Guru Gobind Rai on 8th July, 1675 A.D. On 11th July, he took five Sikhs—Chief Minister Bhai Mati Dass, Domestic Affairs Minister Bhai Dayala, Public Affairs Minister Bhai Sati Dass, the interpreter of Sikh Tradition Bhai Gurditta and Bhai Udha with him and proceeded to Delhi.

Aurangzeb was busy in Hassan Abdal in quelling the mutiny of the Pathans since 26th June, 1674 A.D. The Guru's message was conveyed to him there. He issued orders for the arrest of the Guru. The Guru was arrested along with the five Sikhs at Agra, brought to Delhi and was imprisoned in a solitary house. The second order of Aurangzeb was received, "The Guru be forced to embrace Islam and if he does not agree, he should be murdered after torture. His body be cut in pieces and be hung on all sides of the city."

After the receipt of the second order, his officials asked the Guru to embrace Islam. The Guru refused. They started torturing and murdering the Sikhs arrested with him. They thought that the Guru will embrace Islam out of fear when the Sikhs are tortured to death before his eyes. By the order of the qazis, Bhai Mati Dass was tied between two planks and sawn like wood in two pieces. On the second day, Bhai Dayala was made to sit in a pot of boiling water. On the third day, Bhai Sati Dass was wrapped in cotton and set on fire. The Sikhs were martyred by torture before the Guru.

The Guru saw, "The murderers did not feel a sense of shame after martyrdom of three Sikhs. Even the martyrdom of Bhai Udha and Bhai Gurditta will not change their hearts. The conscience of these tyrants is dead. He thought it right to send the two Sikhs alive from the jail so that they may go out and narrate the true accounts of the incidents to motivate the people to rise and fight the tyranny of this government." With the help of the jail warden, Khwaja Abdul, the Sikhs broke the wall of the prison and escaped in the darkness of the night.

The officials were frightened at the jail break by the Sikhs. They thought that the Guru too might escape. They shut up the Guru in a steel cage in which he could neither stand upright nor sit down. Sharp steel spikes were fixed inside the cage on all sides. The officials had forgotton that the Guru had come to those murderers himself to defend the freedom of all faiths. How could he escape from the prison in the darkness of night?

# ਗੁਰੂ ਜੀ ਦੀ ਸ਼ਹਾਦਤ

ਗੁਰੂ ਤੇਗ਼ ਬਹਾਦਰ ਜੀ ਦੇ ਸਾਹਮਣੇ ਉਨ੍ਹਾਂ ਦੇ ਤਿੰਨ ਸਿੱਖ ਸ਼ਹੀਦ ਕੀਤੇ ਗਏ, ਪਰ ਗੁਰੂ ਜੀ ਆਪਣੇ ਅਕੀਦੇ ਦੇ ਪੱਕੇ ਰਹੇ। ਔਰੰਗਜ਼ੇਬ ਦੇ ਹੁਕਮ ਅਨੁਸਾਰ ਕਾਜ਼ੀ ਨੇ ਗੁਰੂ ਜੀ ਨੂੰ ਜਾਗੀਰ ਦਾ ਲਾਲਚ ਵੀ ਦਿੱਤਾ। ਗੁਰੂ ਜੀ ਨੇ ਕਿਹਾ, "ਸਾਨੂੰ ਦੁਨੀਆਂ ਦੇ ਪਦਾਰਥਾਂ ਨਾਲ ਕੋਈ ਪਿਆਰ ਨਹੀਂ। ਸਾਨੂੰ ਸਾਡਾ ਧਰਮ ਸਭ ਤੋਂ ਪਿਆਰਾ ਹੈ।"

ਗੁਰੂ ਜੀ ਦੇ ਇਨਕਾਰ ਕਰਨ ਪਿੱਛੋਂ ਕਾਜ਼ੀ ਨੇ ਗੁਰੂ ਜੀ ਨੂੰ ਕਰਾਮਾਤ ਦਿਖਾਉਣ ਲਈ ਕਿਹਾ। ਗੁਰੂ ਜੀ ਨੇ ਕਰਾਮਾਤ ਦਿਖਾਉਣ ਤੋਂ ਇਹ ਕਹਿ ਕੇ ਨਾਂਹ ਕਰ ਦਿੱਤੀ, "ਕਰਾਮਾਤ ਦਿਖਾ ਕੇ ਮੈਂ ਪ੍ਰਮਾਤਮਾ ਦਾ ਸ਼ਰੀਕ ਨਹੀਂ ਬਣਨਾ ਚਾਹੁੰਦਾ।" ਗੁਰੂ ਜੀ ਦਾ ਨਾਂਹ ਵਿਚ ਉੱਤਰ ਸੁਣ ਕੇ ਕਾਜ਼ੀ ਨੇ ਕਿਹਾ, "ਤੁਸੀਂ ਫਿਰ ਮਰਨ ਲਈ ਤਿਆਰ ਹੋ ਜਾਵੋ।" ਗੁਰੂ ਜੀ ਨੇ ਕਿਹਾ, "ਇਹ ਸਾਨੂੰ ਮਨਜ਼ੂਰ ਹੈ।" ਕਾਜ਼ੀ ਨੇ ਗੁਰੂ ਜੀ ਨੂੰ ਕਤਲ ਕੀਤੇ ਜਾਣ ਦਾ ਹੁਕਮ ਸੁਣਾ ਦਿੱਤਾ। ਉਸ ਨੇ ਸਾਰੇ ਸ਼ਹਿਰ ਵਿਚ ਗੁਰੂ ਜੀ ਨੂੰ ਕਤਲ ਕੀਤੇ ਜਾਣ ਦਾ ਢੰਡੋਰਾ ਵੀ ਪਿਟਵਾ ਦਿੱਤਾ ਤਾਂ ਜੋ ਲੋਕ ਆਪਣੀਂ ਅੱਖੀਂ ਗੁਰੂ ਜੀ ਨੂੰ ਕਤਲ ਹੁੰਦਾ ਦੇਖ ਕੇ ਡਰ ਜਾਣ ਅਤੇ ਇਸਲਾਮ ਕਬੂਲ ਕਰ ਲੈਣ।

11 ਨਵੰਬਰ, 1675 ਈ. ਦੀ ਸ਼ਾਮ ਨੂੰ ਗੁਰੂ ਜੀ ਨੂੰ ਲੋਹੇ ਦੇ ਪਿੰਜਰੇ ਵਿਚੋਂ ਕੱਢਿਆ ਗਿਆ। ਗੁਰੂ ਜੀ ਦੇ ਇਸ਼ਨਾਨ ਕਰਨ ਪਿੱਛੋਂ ਉਨ੍ਹਾਂ ਨੂੰ ਨਵੇਂ ਬਣਾਏ ਚਬੂਤਰੇ ਉੱਪਰ ਬਿਠਾ ਦਿੱਤਾ ਗਿਆ। ਹਜ਼ਾਰਾਂ ਲੋਕ ਸ਼ਹੀਦੀ ਦਾ ਕੌਤਕ ਦੇਖਣ ਲਈ ਖੜ੍ਹੇ ਸਨ। ਕਾਜ਼ੀ ਨੇ ਗੁਰੂ ਜੀ ਨੂੰ ਇਸਲਾਮ ਕਬੂਲ ਕਰਨ ਲਈ ਕਿਹਾ। ਗੁਰੂ ਜੀ ਨੇ ਨਾਂਹ ਕਰ ਦਿੱਤੀ। ਕਾਜ਼ੀ ਦੇ ਹੁਕਮ ਨਾਲ ਸ਼ਾਹੀ ਜੱਲਾਦ 'ਸਯਦ ਜਲਾਲ-ਉ-ਦੀਨ' ਨੇ ਤਲਵਾਰ ਚਲਾਈ ਅਤੇ ਗੁਰੂ ਜੀ ਦਾ ਸੀਸ ਧੜ ਨਾਲੋਂ ਅਲੱਗ ਹੋ ਗਿਆ। ਸ਼ਹੀਦੀ ਦਾ ਸਾਕਾ ਹੁੰਦੇ ਸਾਰ ਬਹੁਤ ਹਨੇਰੀ ਅਤੇ ਤੂਫ਼ਾਨ ਆਇਆ। ਹਰ ਪਾਸੇ ਹਾਹਾਕਾਰ ਮੱਚ ਗਈ। ਦੇਖਣ ਆਏ ਲੋਕ ਘਰਾਂ ਨੂੰ ਭੱਜਣ ਲੱਗੇ। ਪਹਿਰੇਦਾਰ ਕੋਤਵਾਲੀ ਦੇ ਅੰਦਰ ਜਾ ਲੁਕੇ।

ਭਾਈ ਜੈਤਾ ਜੀ ਆਪਣੀ ਬਣਾਈ ਹੋਈ ਸਕੀਮ ਅਨੁਸਾਰ, ਝਾੜੂ ਦੇਣ ਵਾਲੇ ਭੰਗੀ ਦਾ ਭੇਸ ਬਣਾ ਕੇ ਚਬੂਤਰੇ ਦੇ ਕੋਲ ਖੜ੍ਹੇ ਸਨ। ਉਨ੍ਹਾਂ ਨੇ ਬੜੀ ਫੁਰਤੀ ਨਾਲ ਗੁਰੂ ਜੀ ਦਾ ਸੀਸ ਟੋਕਰੀ ਵਿਚ ਰੱਖ ਕੇ ਕੱਪੜੇ ਨਾਲ ਢੱਕ ਲਿਆ। ਉਸ ਪਿੱਛੋਂ ਉਸ ਦੇ ਨਾਲ ਭਾਈ ਨਨੂਆ ਅਤੇ ਭਾਈ ਅੱਡਾ ਜੀ ਮਿਲ ਗਏ। ਉਹ ਸਾਰੇ ਸੀਸ ਲੈ ਕੇ ਅਨੰਦਪੁਰ ਨੂੰ ਚਲ ਪਏ। ਰਸਤੇ ਵਿਚ ਉਹ ਪੰਜ ਪੜਾਅ ਕਰ ਕੇ ਕੀਰਤਪੁਰ ਪੁੱਜੇ। ਕੀਰਤਪੁਰ ਤੋਂ ਸੰਗਤਾਂ ਨੂੰ ਨਾਲ ਲੈ ਕੇ ਅਨੰਦਪੁਰ ਗੁਰੂ ਗੋਬਿੰਦ ਰਾਏ ਜੀ ਪਾਸ ਪਹੁੰਚੇ, ਜਿੱਥੇ ਸੀਸ ਦਾ ਸਸਕਾਰ ਕੀਤਾ ਗਿਆ।

ਭਾਈ ਲੱਖੀ ਸ਼ਾਹ ਠੇਕੇਦਾਰ ਨੇ ਧੜ ਉਠਾਉਣ ਦੀ ਤਿਆਰੀ ਨਾਲ, ਲਾਲ ਕਿਲ੍ਹੇ ਵਿਚ ਰਸਦ ਪਹੁੰਚਾ ਕੇ, ਗੱਡੇ ਚਾਂਦਨੀ ਚੌਕ ਵਲ ਨੂੰ ਹਿੱਕ ਦਿੱਤੇ ਜਿਸ ਨਾਲ ਧੂੜ ਹੋਰ ਵਧ ਗਈ। ਪਹਿਰਾ ਦੇਣ ਵਾਲੇ ਸਿਪਾਹੀ ਮੂੰਹ ਦੂਜੇ ਪਾਸੇ ਕਰ ਕੇ ਖੜ੍ਹੇ ਹੋ ਗਏ। ਭਾਈ ਗੁਰਦਿੱਤਾ ਜੀ ਗੱਡਿਆਂ ਦੇ ਨਾਲ ਸਨ। ਉਨ੍ਹਾਂ ਨੇ ਗੁਰੂ ਜੀ ਦਾ ਧੜ ਗੱਡੇ ਉੱਪਰ ਰੱਖ ਕੇ ਲੁਕਾ ਦਿੱਤਾ। ਲੱਖੀ ਸ਼ਾਹ ਦੇ ਘਰ ਰਕਾਬ ਗੰਜ ਪੁੱਜ ਕੇ ਉਨ੍ਹਾਂ ਸਾਰੇ ਘਰ ਦੀ ਚਿਖਾ ਬਣਾ ਕੇ ਧੜ ਦਾ ਸਸਕਾਰ ਕਰ ਦਿੱਤਾ।

ਗੁਰੂ ਤੇਗ਼ ਬਹਾਦਰ ਜੀ ਦਾ ਸੀਸ ਅਤੇ ਧੜ ਪਹਿਰੇ ਵਿਚੋਂ ਉਠਾ ਕੇ ਲੈ ਜਾਣ ਪਿੱਛੋਂ, ਔਰੰਗਜ਼ੇਬ ਨੂੰ ਯਕੀਨ ਹੋ ਗਿਆ ਕਿ ਹਿੰਦੁਸਤਾਨ ਵਿਚ ਤਲਵਾਰ ਦੇ ਜ਼ੋਰ ਨਾਲ ਇਕ ਧਰਮ (ਇਸਲਾਮ) ਨਹੀਂ ਕੀਤਾ ਜਾ ਸਕਦਾ। ਉਸ ਨੇ ਇਕ ਧਰਮ ਕਰਨ ਦਾ ਖ਼ਿਆਲ ਤਿਆਗ ਦਿੱਤਾ।

ਗੁਰੂ ਜੀ ਦੀ ਸ਼ਹਾਦਤ The Guru's Martyrdom



# *The Guru's Martyrdom*

Three Sikhs were martyred in front of Guru Tegh Bahadur but he remained firm in his belief. According to the order of Aurangzeb, the qazi tempted him with the offer of a big estate. The Guru said, "I have no desire for worldly material. My path is the dearest to me."

After the refusal of the Guru, the qazi asked him to show a miracle. The Guru refused saying, "I do not want to be a rival of God by showing a miracle." Getting a negative reply the qazi said, "Then be prepared to die." The Guru said, "I agree to this." The qazi pronounced an order for the murder of the Guru. He got it announced with the beat of drum throughout the city so that the people might see the Guru's killing and embrace Islam under the fear complex.

The Guru was taken out of the steel cage on the evening of 11th November, 1675 A.D. After he had taken a bath, the Guru was seated on a newly erected platform. Thousands of people came to see the martyrdom. The qazi asked the Guru to embrace Islam. The Guru refused. On the order of the qazi, the royal executioner Sayyad Jallal-u-din severed Guru's head with his sword. Immediately after the martyrdom, there was a hurricane. There was confusion and shrieking on all sides. All the onlookers started running to their homes. The guards hid themselves in the police station.

In accordance with his plan, Bhai Jaita was standing near the platform in the garb of a sweeper. In a quick move, he put the Guru's head in a basket and covered it with a cloth. Bhai Nanu and Bhai Adda joined him later. All of them proceeded towards Anandpur with the head. Halting at five places on the way, they reached Kiratpur. Taking Sikhs alongwith them from Kiratpur they went to Guru Gobind Rai at Anandpur where the head was cremated.

Bhai Lakhi Shah, a contractor, after delivering supplies in the Red Fort moved his carts towards Chandni Chowk in order to collect the body. Due to the movement of the carts, the dust increased and the soldiers on guard turned their faces away. Bhai Gurditta was accompanying the carts. He placed the Guru's body in the cart and hid it. Reaching the house of Bhai Lakhi Shah at Rakab Ganj, they prepared the pyre of the whole house and cremated the body.

After the head and body of Guru Tegh Bahadur had been taken away in spite of strict security, Aurangzeb realised that one religion (Islam) can not be enforced into India with the help of the sword. He gave up the idea of a single religion (Islam) in India.



WWW.SIKHBOOKCLUB.COM 